ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਨਾਟਕ ਲੋਹਾ ਕੁੱਟ: ਮਨੋਵਿਸ਼ਲੇਸ਼ਣਾਤਮਕ ਅਧਿਐਨ



ਪ੍ਰਿੰਸੀਪਲ ਗੁਰਜੰਟ ਸਿੰਘ
ਅਮਰਦੀਪ ਸਿੰਘ ਸੇਰਗਿੱਲ
ਮੈਮੋਰੀਅਲ ਕਾਲਜ,
ਮੁਕੰਦਪੁਰ ਨਵਾਂ ਸ਼ਹਿਰ।
gurjantassm@yahoo.com

ਬਲਵੰਤ ਗਾਰਗੀ ਸਰਬਾਂਗੀ ਸਾਹਿਤਕਾਰ ਹੈ ਅਤੇ ਪੰਜਾਬੀ ਨਾਟਕ ਦੇ ਇਤਿਹਾਸ ਵਿਚ ਨਿਵੇਕਲਾ ਹਸਤਾਖ਼ਰ ਹੈ। ਉਸਨੇ ਪੰਜਾਬੀ ਨਾਟਕ ਵਿਚ ਵਿਸ਼ੇ ਅਤੇ ਰੂਪ ਪੱਖ ਤੋਂ ਵਿਲੱਖਣ ਕਾਰਜ ਕੀਤੇ ਹਨ। ਉਹ ਪੰਜਾਬੀ ਨਾਟਕ ਅਤੇ ਰੰਗਮੰਚ ਦੀ ਵਿਕਾਸ ਦੀ ਤਲਾਸ਼ ਨਾਲ ਸਿੱਧੇ ਤੌਰ 'ਤੇ ਜੁੜਿਆ ਰਿਹਾ ਹੈ। ਉਸ ਦੇ ਪੂਰੇ ਨਾਟਕਾਂ, ਇਕਾਗੀ ਅਤੇ ਹੋਰ ਸਾਹਿਤ ਰੂਪਾਂ ਦਾ ਅਧਿਐਨ, ਸਾਡੇ ਦ੍ਰਿਸ਼ਟੀਗੋਚਰ ਕਰਦਾ ਹੈ ਕਿ ਉਹ ਮਨੁੱਖਾ ਵਿਅਕਤਿਤਵ ਦੇ ਬਾਹਰੀ ਸਮਾਜ ਨਾਲ ਟਕਰਾਅ ਵਿਚੋਂ ਪੈਦਾ ਹੁੰਦੇ ਵਿਵਹਾਰ ਨੂੰ ਚਿਤਰਣਾ ਆਪਣਾ ਸਾਹਿਤਕ ਧਰਮ ਮਿੱਥ ਕੇ ਚਲਦਾ ਹੈ। ਉਸ ਦਾ ਸਾਹਿਤਕ ਪ੍ਰਯੋਜਨ ਸਿੱਧੇ ਤੌਰ 'ਤੇ ਪੰਜਾਬੀ ਸਮਾਜ ਦੇ ਮਨੋਵਿਗਿਆਨ ਨਾਲ ਜੁੜਿਆ ਹੋਇਆ ਹੈ। ਉਸ ਦੇ ਨਾਟਕਾਂ ਦੀ ਹੀ ਜੇਕਰ ਗੱਲ ਕਰੀਏ ਤਾਂ ਉਸ ਦੀ ਰਚਨਾ ਦੀ ਤਹਿ ਵਿਚ ਫਰਾਇਡਵਾਦ ਦਾ ਪ੍ਰਭਾਵ ਸਹਿਜੇ ਹੀ ਦਿਸ ਆਉਂਦਾ ਹੈ। ਜਿੱਥੇ ਗਾਰਗੀ ਦੇ ਵਿਅਕਤਿਤਵ ਵਿਚ ਪੇਂਡੂ ਸਭਿਆਚਾਰ, ਖਾਸ ਕਰਕੇ ਮਲਵਈ ਸਭਿਆਚਾਰ ਸਮੋਇਆ ਹੋਇਆ ਹੈ, ਉਥੇ ਸ਼ਹਿਰੀ ਜੀਵਨ ਅਤੇ ਪੱਛਮੀ ਚੇਤਨਾ ਦੇ ਸਮਕਾਲੀ ਪ੍ਰਭਾਵ ਉਸ ਦੀ ਜੀਵਨ ਸ਼ੈਲੀ ਵਿਚ ਕਾਰਜਸ਼ੀਲ ਦੇਖੇ ਜਾ ਸਕਦੇ ਹਨ। ਉਸ ਦੇ ਜੀਵਨ ਦਾ ਵਿਸ਼ਾਲ ਅਨੁਭਵ ਹੀ ਉਸ ਦੀ ਰਚਨਾ ਦੇ ਵਿਸ਼ੇ ਦਾ ਆਧਾਰ ਵਸਤੂ ਬਣਿਆ ਹੈ। ਪੱਛਮੀ ਚਿੰਤਨ ਦੇ ਪ੍ਰਭਾਵ ਅਧੀਨ ਹੀ ਗਾਰਗੀ ਨੇ ਫ਼ਰਾਇਡ ਅਤੇ ਉਸ ਦੇ ਅਨੁਆਈਆਂ ਦੀਆਂ ਮਨੋਵਿਸ਼ਲੇਸ਼ਣ (Psycho- analysis) ਦੀਆਂ ਨਵੀਆਂ ਹੈਰਾਨਕੁੰਨ ਲੱਭਤਾ ਤੋਂ ਪ੍ਰਭਾਵਤ ਹੋ ਕੇ ਮਨੁੱਖੀ ਮਨ ਦੇ ਅੰਦਰੂਨੀ ਖੂੰਜਿਆ ਨੂੰ ਕੁਰੇਦਣਾ ਸ਼ੁਰੂ ਕੀਤਾ, ਅਤੇ ਉਨ੍ਹਾਂ ਨੂੰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕੀਤਾ। ਇਸ ਕੋਣ ਤੋਂ ਉਸ ਨੇ ਪੰਜਾਬੀਆਂ ਦੇ ਵਿਅਕਤਿਤਵ ਦੀਆਂ ਮਨੋ-ਗੁੰਝਲਾਂ ਨੂੰ ਸਾਹਿਤਕ ਵਸਤੂ ਬਣਾਉਣ ਉਤੇ ਉਚੇਚਾ ਬਲ ਦਿੱਤਾ।

ਮਨੁੱਖੀ ਮਨ ਦੀ ਸੰਰਚਨਾ ਬੜੀ ਹੀ ਸੰਵੇਦਨਸ਼ੀਲ ਅਤੇ ਗੁੰਝਲਦਾਰ ਹੈ। ਖ਼ਾਸ ਤੌਰ ਤੇ ਅਚੇਤਨ ਮਨੋ- ਪ੍ਰਕਿਰਿਆਵਾਂ ਦੇ ਪ੍ਰਭਾਵ ਅਧੀਨ ਮਨੁੱਖ ਕਿਸ ਵੇਲੇ ਕੀ ਕਰਦਾ ਹੈ? ਆਉਣ ਜਾਂ ਵਾਪਰਨ ਵਾਲੇ ਪਲ ਦਾ ਉਸ ਨੂੰ ਖ਼ੁਦ ਵੀ ਇਲਮ ਨਹੀਂ ਹੁੰਦਾ। ਬਿਨਾ ਸ਼ੱਕ ਮਨੁੱਖ ਦਾ ਵਿਵਹਾਰ ਉਸਦੇ ਸਮਾਜਕ ਸਭਿਆਚਾਰ ਦੇ ਪ੍ਰਤੀਕਰਮ ਵਿਚੋਂ ਹੀ ਪੈਦਾ ਹੁੰਦਾ ਹੈ ਜਿੰਨੇ ਕਿਸੇ ਸਮਾਜ ਦੇ ਬੰਧਨ (Taboo) ਵਧੇਰੇ ਸਖ਼ਤ ਹੋਣਗੇ, ਓਨੀਆਂ ਉਸ ਦੇ ਬਸ਼ਿੰਦਿਆਂ ਦੀਆਂ ਮਨੋ-ਗੁੰਝਲਾਂ ਵੀ ਵਧੇਰੇ ਮਾਤਰਾ ਵਿਚ ਪੀਡੀਆਂ ਹੋਣਗੀਆਂ, ਸਿੱਟੇ ਵਜੋਂ ਉਸ ਸਮਾਜ

ਦੀ ਸਾਵੀ-ਪੱਧਰੀ ਸਥਿਤੀ ਵਿੱਚ ਪਰਾਹਨ (deviation) ਦੀਆਂ ਪ੍ਰਕਿਰਿਆਵਾਂ ਵਧੇਰੇ ਮਾਤਰਾ ਵਿਚ ਅਤੇ ਉਤੇਜਿਤ ਦੀ ਢੰਗ ਨਾਲ ਵਾਪਰਨਗੀਆਂ, ਵਿਅਕਤਿਤਵ ਵਧੇਰੇ ਅਸਧਾਰਨ ਵਿਵਹਾਰ ਦੇ ਧਾਰਨੀ ਹੋਣਗੇ। ਨਰਮ ਕਦਰਾਂ ਕੀਮਤਾਂ ਵਾਲੇ ਸਮਾਜ ਵਿਚ ਮਨੋ-ਗੁੰਝਲਾਂ ਤੁਲਨਾਤਮਕ ਘੱਟ ਹੋਣਗੀਆਂ ਅਤੇ ਵਿਅਕਤਿਤਵ ਸਧਾਰਨ (Normal) ਵਿਵਹਾਰ ਦੇ ਵਧੇਰੇ ਧਾਰਨੀ ਹੋਣਗੇ। ਮਨੁੱਖੀ ਮਨ ਵਿਚੋਂ ਇਸਤ੍ਰੀ ਦੇ ਮਨ ਨੂੰ ਸਮਝਣਾ ਹੋਰ ਵੀ ਵਧੇਰੇ ਕਠਿਨ ਕਾਰਜ ਹੈ। ਇਸਤ੍ਰੀ ਦੀਆਂ ਵਧੇਰੇ ਮਨੋ-ਗੁੰਝਲਾਂ ਹੋਣ ਦਾ ਕਾਰਨ ਇਹ ਹੈ ਕਿ ਉਹ ਸਾਡੇ ਸਮਾਜ ਵਿਚ ਦੋਹਰਾ ਦਮਨ ਭੋਗਦੀ ਹੈ, ਪਹਿਲਾ ਉਹ ਆਰਥਿਕ ਤੌਰ ਤੇ ਸੁਤੰਤਰ ਨਾ ਹੋਣ ਕਰਕੇ ਮਰਦ ਦੀ ਗੁਲਾਮ ਬਣ ਕੇ ਮਾਨਸਿਕ ਸੰਤਾਪ ਭੋਗਦੀ ਹੈ, ਦੂਸਰਾ ਉਸ ਦੀਆਂ ਪ੍ਰਾਕਿਰਤਕ ਕਾਮ-ਅਕਾਂਖਿਆਵਾਂ ਦੀ ਪੂਰਤੀ ਉਤੇ ਮਰਦ ਦੇ ਮੁਕਾਬਲੇ ਬੰਧਨ (Taboo) ਵਧੇਰੇ ਸਖਤੀ ਨਾਲ ਲਾਗੂ ਹੁੰਦੇ ਹਨ। ਉਸਦੀ ਅਸਮਤ ਸਮਾਜਿਕ ਕਾਰਜਾਂ ਵਿਚ ਵਧੇਰੇ ਖ਼ਲਲ ਪੈਦਾ ਕਰਦੀ ਹੈ ਕਿਉਂਕਿ ਸਾਡੇ ਸਮਾਜ ਵਿਚ ਉਹ ਨੱਕ-ਨਮੂਜ਼ ਦੀ ਰਖਵਾਲੀ ਅਤੇ ਪਰਿਵਾਰ ਦੀ ਇੱਜ਼ਤ ਦਾ ਧੁਰਾ ਬਣ ਕੇ ਵਿਚਰਦੀ ਹੈ। ਗਾਰਗੀ ਨੂੰ ਇਨ੍ਹਾਂ ਮਾਨਸਿਕ ਪ੍ਰਤੀਕਿਰਿਆਵਾ ਦੇ ਸਮਾਜ ਮਨੋਵਿਗਿਆਨਕ ਗੁੰਝਲਾਂ ਦਾ ਗੂੜਾ ਅਨੁਭਵ ਹੈ। ਇਸ ਗੱਲ ਦੀ ਪੁਸ਼ਟੀ ਉਸ ਦੇ ਨਾਟਕ ਦੇ ਵਿਸ਼ਿਆ ਅਤੇ ਸੰਰਚਨਾ ਤੋਂ ਹੋ ਜਾਂਦੀ ਹੈ। ਉਹ ਇਹ ਅਨੁਭਵ ਰੱਖਦਾ ਹੈ ਕਿ ਵਿਅਕਤਿਤਵ ਦੇ ਨਿਰਧਾਰਨ ਵਿਚ ਭਾਵੇਂ ਸਮਾਜਿਕ-ਆਰਥਿਕ ਪ੍ਰਸਥਿਤੀਆ ਕਾਰਜਸ਼ੀਲ ਹੁੰਦੀਆਂ ਹਨ ਪਰ ਵਿਅਕਤਿਤਵ ਸੰਰਚਨਾ ਵਿਚ ਪ੍ਰਮੁੱਖ ਰੋਲ ਮਨੁੱਖ ਦੀਆਂ ਪ੍ਰਾਕਿਰਤਕ ਅਕਾਂਖਿਆਵਾਂ (Id desires) ਦਾ ਸਮਾਜਿਕ ਮੁੱਲਾਂ ਨਾਲ ਟਕਰਾਉਣ ਵਿਚੋਂ ਪੈਦਾ ਹੁੰਦੇ ਕਾਰਜ ਕਾਰਨ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਦੇਖਿਆਂ ਉਸ ਦਾ ਪਲੇਠਾ ਨਾਟਕ **ਲੋਹਾ ਕੁੱਟ** ਜੋ 1944 ਵਿਚ ਪਹਿਲੀ ਵਾਰੀ ਛਪਿਆ ਅਤੇ ਹੁਣ ਤਕ ਸੋਧੇ ਅਤੇ ਨਵ-ਸਿਰਜਿਤ ਰੂਪ ਵਿਚ ਲਗਾਤਾਰ ਛਪਦਾ ਆ ਰਿਹਾ ਹੈ, ਉਸ ਨੂੰ ਹੀ ਦੇਖਿਆ ਜਾ ਸਕਦਾ ਹੈ। ਇਸ ਦੇ ਹੁਣ ਤੱਕ ਮਹੱਤਵ ਬਣੇ ਰਹਿਣ ਦਾ ਕਾਰਨ ਇਸਦੇ ਸਾਹਿਤਕ ਅਤੇ ਸਮਾਜਿਕ ਮਨੋਵਿਗਿਆਨਕ ਹੋਣ ਵਿਚ ਹੈ।

'**ਲੋਹਾ ਕੁੱਟ** ਨਾਟਕ ਦੀ ਸਿਰਜਣਾ ਸਮੇਂ ਨਾਟਕਕਾਰ ਖ਼ੁਦ ਵੀ ਉਮਰ ਦੀ ਉਸ ਅਵਸਥਾ ਵਿਚ ਸੀ, ਜਿੱਥੇ ਪ੍ਰਾਕਿਰਤਕ ਵੇਗ ਅਮੋੜ ਹੁੰਦੇ ਹਨ। ਬੇਸ਼ੱਕ ਨਾਟਕਕਾਰ ਨੇ ਹਰ ਨਵੇਂ ਸੰਸਕਰਣ ਸਮੇਂ ਇਸ ਵਿਚ ਸੋਧਾਂ ਕੀਤੀਆਂ ਅਤੇ ਪੁਨਰ-ਸਿਰਜਣਾ ਵੀ ਕੀਤੀ ਪਰ ਮੂਲ ਬਣਤਰ ਉਹੀ ਹੈ। ਇਸ ਲਈ ਇਸ ਨਾਟਕ ਦੀ ਅੰਦਰੂਨੀ ਬਣਤਰ ਵਿਚੋਂ ਗਾਰਗੀ ਦੀ

ਰਚਣਈ-ਸ਼ਖਸੀਅਤ ਦਾ ਅਕਸ ਦੇਖਿਆ ਜਾ ਸਕਦਾ ਹੈ। ਗਾਰਗੀ ਨੇ ਲੋਹਾ ਕੁੱਟ ਤੋਂ ਬਾਅਦ ਧੂਣੀ ਦੀ ਅੱਗ, ਕਣਕ ਦੀ ਬੱਲੀਂ, 'ਕੁਆਰੀ ਟੀਸੀ, 'ਪੱਤਣ ਦੀ ਬੇੜੀ ਆਦਿ ਨਾਟਕਾਂ ਅਤੇ ਇਕਾਂਗੀਆਂ ਵਿਚ ਵੀ ਔਰਤ ਦੇ ਬਾਹਰੀ ਦਿੱਸਦੇ ਸਮਾਜਿਕ ਯਥਾਰਥ ਨਾਲੋਂ ਮਾਨਸਿਕ ਯਥਾਰਥ ਨੂੰ ਚਿਤਰਨ/ਉਭਾਰਨ ਦੀ ਕੋਸ਼ਿਸ਼ ਹੀ ਵਧੇਰੇ ਕੀਤੀ ਹੈ। ਗਾਰਗੀ ਦੀ ਇਸ ਬਲਵਾਨ ਰੁਚੀ ਦਾ ਇਸ ਗੱਲ ਤੋਂ ਹੋਰ ਵੀ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਉਹ ਆਪਣੇ ਇਤਿਹਾਸਕ ਨਾਟਕ ਸੁਲਤਾਨ ਰਜ਼ੀਆਂ ਵਿਚ ਵੀ ਰਜ਼ੀਆ ਦੇ ਸੁਲਤਾਨ ਪੱਖ ਦੇ ਸਮਾਜਿਕ ਮਹੱਤਵ ਨਾਲੋਂ ਉਸ ਦੇ ਤ੍ਰੀਮਤ-ਪਣ ਦੇ ਮਨੋਤਾਪਾਂ ਨੂੰ ਚਿਤਰਨ ਉਤੇ ਵਧੇਰੇ ਕੇਂਦਰਿਤ ਰਹਿੰਦਾ ਹੈ। ਭਾਵੇਂ ਗਾਰਗੀ ਦੇ ਨਾਟਕਾਂ ਦਾ ਵਿਸ਼ਲੇਸ਼ਣਾਤਮਕ ਅਧਿਐਨ ਕਰਦਿਆਂ ਇਸ ਗੱਲ ਦਾ ਆਭਾਸ ਹੁੰਦਾ ਹੈ ਕਿ ਉਸ ਦੇ ਨਾਟਕਾਂ ਦਾ ਮੁਲਾਂਕਣ ਵੱਖ-ਵੱਖ ਸਮਾਜ-ਸ਼ਾਸਤਰੀ ਜਾਂ ਸੁਹਜ-ਸ਼ਾਸਤਰੀ ਦ੍ਰਿਸ਼ਟੀਕੋਣਾਂ ਤੋਂ ਕੀਤਾ ਜਾ ਸਕਦਾ ਹੈ ਪਰ ਕਿਉਂਕਿ ਗਾਰਗੀ ਦਾ ਵਧੇਰੇ ਜ਼ੋਰ ਮਨੁੱਖ ਦੇ, ਖ਼ਾਸ ਕਰ ਔਰਤ ਦੇ ਅਚੇਤਨ ਦੀਆਂ ਪਰਤਾਂ ਨੂੰ ਵਿਸ਼ਲੇਸ਼ਣ/ ਚਿਤਰਨ ਉਤੇ ਕੇਂਦਰਿਤ ਹੈ, ਇਸ ਲਈ ਉਸ ਦੇ ਨਾਟਕਾਂ ਨੂੰ ਮਨੋ-ਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਤੋਂ ਪਰਖਣਾ ਵੀ ਵਧੇਰੇ ਮਹੱਤਵਪੂਰਣ ਹੋਵੇਗਾ। ਬਿਨਾ ਸ਼ੱਕ ਪਾਤਰਾਂ ਦੀ ਮਾਨਸਿਕਤਾ ਸਮਾਜਿਕ ਅਤੇ ਸਭਿਆਚਾਰਕ ਪ੍ਰਤੀਕਰਮ ਦਾ ਫ਼ਲ ਹੁੰਦੀ ਹੈ ਅਤੇ ਉਸ ਨੇ ਮੋੜਵੇਂ ਰੂਪ ਵਿਚ ਆਪਣੇ ਸਮਾਜ-ਸਭਿਆਚਾਰ ਦੇ ਪੈਟਰਨ ਨੂੰ ਵੀ ਪ੍ਰਭਾਵਿਤ ਕਰਨਾ ਹੁੰਦਾ ਹੈ। ਇਸ ਲਈ ਇਸ ਦ੍ਰਿਸ਼ਟੀ ਤੋਂ ਕੀਤੇ ਮੁਲਾਂਕਣ ਦਾ ਮੁੱਲ ਹੋਰ ਵੀ ਵੱਧ ਜਾਂਦਾ ਹੈ।

ਸਮਾਜਿਕ ਮੁੱਲਾਂ ਦੇ ਅਨੁਕੂਲ ਸਮਾਯੋਜਿਤ (Adjucted) ਵਿਅਕਤਿਤਵ ਨੂੰ ਅਸੀਂ ਸਧਾਰਨ (Normal) ਨਿਰਧਾਰਿਤ ਕਰਦੇ ਹਾਂ ਪਰ ਜਦੋਂ ਕੋਈ ਵਿਅਕਤਿਤਵ ਇਨ੍ਹਾਂ ਮੁੱਲਾਂ ਦੀ ਉਲੰਘਣਾ ਕਰਦਾ ਹੈ ਤਾਂ ਸਮਾਜ ਵਿਚ ਪ੍ਰਤੀਰੋਧ ਦੀ ਭਾਵਨਾ ਪੈਦਾ ਹੁੰਦੀ ਹੈ ਭਾਵੇਂ ਅਜਿਹੇ ਵਿਅਕਤਿਤਵ ਕਿਸੇ ਸਮਾਜ ਵਿਚ ਵਿਰਲੇ ਹੁੰਦੇ ਹਨ, ਪਰ ਹੁੰਦੇ ਜ਼ਰੂਰ ਹਨ,ਇਨ੍ਹਾਂ ਦੀ ਅਣਹੋਂਦ ਨਹੀਂ ਹੁੰਦੀ। ਜੇਕਰ ਅਸੀਂ ਗਹੁ ਨਾਲ ਦੇਖੀਏ ਤਾਂ ਇਹੋ ਪ੍ਰਤੀਕਰਮ ਕਈ ਵਾਰੀ ਸਮਾਜਿਕ ਵਿਕਾਸ ਦਾ ਆਧਾਰ ਵੀ ਬਣਦੇ ਪ੍ਰਤੀਤ ਹੁੰਦੇ ਹਨ ਜਾਂ ਫਿਰ ਸਾਨੂੰ ਆਪਣੇ ਮੁੱਲਾਂ ਦੀ ਰਾਖੀ ਕਰਨ ਲਈ ਸੁਚੇਤ ਕਰਦੇ ਹਨ। ਇਸ ਤਰ੍ਹਾਂ ਕਾਰਜ-ਕਾਰਨ ਕ੍ਰਮ-ਪ੍ਰਤੀਕ੍ਰਮ ਦੀ ਲੜੀ ਵਿਚ ਚਲਦਿਆਂ ਵਾਦ-ਵਿਵਾਦ-ਸੰਵਾਦ ਦੀ ਸਿਰਜਣਾ ਹੁੰਦੀ ਰਹਿੰਦੀ ਹੈ। ਇਸ ਲਈ ਜਦੋਂ ਕੋਈ ਰਚਨਾਕਾਰ ਆਪਣੀ ਰਚਨਾ ਵਿਚ ਪਾਤਰਾਂ ਦੇ ਬਾਹਰੀ ਪੱਖ ਨਾਲੋ ਅੰਦਰੂਨੀ

ਵਿਅਕਤਿਤਵ ਦਾ ਵਿਸ਼ਲੇਸ਼ਣ/ਚਿੱਤਰਨ ਕਰਨ ਲਗਦਾ ਹੈ ਤਾਂ ਉਹ ਸਧਾਰਨ ਪਾਤਰਾਂ ਨੂੰ ਆਪਣੀ ਰਚਨਾ ਦਾ ਵਿਸ਼ਾ ਨਹੀਂ ਬਣਾਉਂਦਾ ਸਗੋਂ ਅਸਾਧਾਰਨ (Abnormal) ਪਾਤਰਾਂ ਨੂੰ ਚੁਣਦਾ ਹੈ। ਇਹ ਪਾਤਰ **ਵਿਸਥਾਪਤ** ਲੀਹਾਂ ਨੂੰ ਉਲੰਘ ਕੇ ਨਵੇਂ ਰਸਤੇ ਤਲਾਸ਼ਦੇ ਦਿਖਾਈ ਦਿੰਦੇ ਹਨ ਜਿਸ ਨਾਲ ਉਨ੍ਹਾਂ ਦੀਆ ਪ੍ਰਾਕਿਰਤਕ ਅਕਾਂਖਿਆਵਾਂ (Id desires) ਦੀ ਹਾਣ-ਪੂਰਤੀ ਹੋ ਸਕੇ। ਇਹੋ ਹੀ ਰਚਨਾਕਾਰ ਦਾ ਪ੍ਰਯੋਜਨ ਹੁੰਦਾ ਹੈ ਕਿ ਉਹ ਕਿਸ ਤਰ੍ਹਾਂ ਵਿਅਕਤਿਤਵ ਵਿਵਹਾਰ ਨੂੰ ਸਮਾਜਿਕ-ਵਿਹਾਰ ਦੇ ਸਨਮੁੱਖ ਅਭਿਵਿਅਕਤ ਕਰਦਾ ਹੈ। ਇਸ ਪ੍ਰਤੀਕਰਮ ਵਿਚ ਪਾਤਰਾਂ ਦੀਆਂ ਪੈਦਾ ਹੁੰਦੀਆਂ ਮਨੋ-ਗੁੰਝਲਾਂ ਕਈ ਵਾਰੀ ਪ੍ਰਗਟ ਰੂਪ ਵਿਚ ਅਤੇ ਕਈ ਵਾਰੀ ਪ੍ਰਤੀਕਾਤਮਕ (ਲੁਪਤ) ਰੂਪ ਵਿਚ ਸਾਡੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਫ਼ਰਾਇਡ ਸਕੂਲ ਦੀ ਇਹ ਅਭਿਧਾਰਨਾ (Hypotheses) ਹੈ ਕਿ ਵਿਅਕਤਿਤਵ ਸਰੰਚਨਾ ਵਿਚ ਅਚੇਤਨ ਮਨ ਦਾ ਵਧੇਰੇ ਯੋਗਦਾਨ ਹੁੰਦਾ ਹੈ। ਅਚੇਤਨ ਵਿਚ ਅਹੰ (Id) ਦੀਆਂ ਪ੍ਰਵਿਰਤੀਆਂ ਵਧੇਰੇ ਕਾਰਜਸ਼ੀਲ ਹੁੰਦੀਆਂ ਹਨ, ਜਿੱਥੇ ਅਨੈਤਿਕਤਾ ਅਤੇ ਅਰਾਜਕਤਾ ਦਾ ਵਰਤਾਰਾ ਵਰਤਦਾ ਰਹਿੰਦਾ ਹੈ। ਈਗੋ ਅਤੇ ਸੁਪਰ ਈਗੋ ਵਿਅਕਤੀ ਦੀ ਸਮਾਜਿਕ ਸ਼ਖ਼ਸੀਅਤ ਦੀ ਰਚਨਾ ਕਰਦੀਆਂ ਹਨ। ਫ਼ਰਾਇਡ ਕਾਮ-ਸਕਤੀ ਨੂੰ ਹੀ ਜੀਵਨ ਸਕਤੀ ਨਿਰਧਾਰਿਤ ਕਰਦਾ ਹੈ। ਇਸ ਦਾ ਅਰਥ ਹੈ ਕਿ ਇਹ ਮਨੁੱਖ ਦੀਆਂ ਪ੍ਰਕ੍ਰਿਤਕ ਪ੍ਰਵਿਰਤੀਆਂ ਵਿਚੋਂ ਸਭ ਤੋਂ ਵਧੇਰੇ ਵੇਗਪੂਰਨ ਵੀ ਹੈ ਅਤੇ ਇਸ ਦੀ ਭਾਵਪੂਰਤੀ ਉਤੇ ਹੀ ਵਧੇਰੇ ਸਮਾਜਿਕ ਦਮਨ ਲਾਗੂ ਹੁੰਦਾ ਹੈ। ਇਸ ਦਾ ਮਹੱਤਵ ਇਸ ਗੱਲ ਤੋਂ ਵੀ ਦੇਖਿਆ ਜਾ ਸਕਦਾ ਹੈ ਕਿ ਭਗਤੀ ਮਾਰਗ ਵਿਚ ਸਭ ਤੋਂ ਵਧੇਰੇ ਦਮਨ ਕਾਮ ਪ੍ਰਵਿਰਤੀਆਂ ਦਾ ਹੀ ਕੀਤਾ ਜਾਂਦਾ ਰਿਹਾ ਹੈ। ਇਹ ਵੀ ਸੱਚ ਹੈ ਕਿ ਜੋ ਵਿਅਕਤੀ ਆਪਣੀਆਂ ਕਾਮ-ਪ੍ਰਵਿਰਤੀਆਂ ਪ੍ਰਤੀ ਉਲਾਰ ਹੋ ਜਾਵੇ ਉਸ ਦੀ ਸ਼ਖ਼ਸੀਅਤ ਅਪਸਮਾਯੋਜਕ ਹੋ ਜਾਂਦੀ ਹੈ। ਮਨੋ-ਵਿਸ਼ਲੇਸ਼ਣ ਦੀ ਸ਼ਬਦਾਵਲੀ ਵਿਚ ਅਜਿਹੇ ਵਿਅਕਤਿਤਵ ਅਸਧਾਰਨ (abnormal) ਕਹਾਉਂਦੇ ਹਨ।

'ਲੋਹਾ ਕੁੱਟ' ਨਾਟਕ ਦਾ ਉਪਰੋਕਤ ਧਾਰਨਾਵਾਂ ਦੇ ਅੰਤਰਗਤ ਮਨੋਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਤੋਂ ਅਧਿਐਨ ਕੀਤਾ ਜਾਣਾ ਬਣਦਾ ਹੈ। ਇਸ ਨਾਟਕ ਵਿਚ ਸਭ ਤੋਂ ਪਹਿਲੀ ਦੇਖਣ ਵਾਲੀ ਗੱਲ ਇਹ ਹੈ ਕਿ ਨਾਟਕਕਾਰ ਨੇ ਵਿਸ਼ਾ ਅਤੇ ਪਾਤਰ ਚੋਣ ਵਿਚ ਤਤਕਾਲੀਨ ਸਾਹਿਤ ਦੇ ਮੁਕਾਬਲਤਨ ਪਾਤਰਾਂ ਦੀਆਂ ਸਮਾਜਿਕ, ਆਰਥਿਕ, ਸਭਿਆਚਾਰਕ ਸਮੱਸਿਆਵਾਂ ਨਾਲੋਂ ਮਨੋ- ਗੁੰਝਲਾਂ ਨੂੰ ਵਧੇਰੇ ਮਹੱਤਵ ਦਿੱਤਾ ਹੈ। ਇਸ ਨਾਟਕ ਦਾ ਵਿਸਾ

ਭਾਵੇਂ ਓਪਰੀ ਨਜ਼ਰੇ ਸਧਾਰਨ ਲੱਗਦਾ ਹੈ ਕਿ ਸਮਾਜ ਵਿਚ ਛੋਟੀਆਂ ਜਾਤਾਂ ਵਾਲੇ ਕੰਮੀ (ਲੁਹਾਰ, ਚਮਿਆਰ ਆਦਿ) ਆਰਥਿਕ ਅਤੇ ਸਭਿਆਚਾਰ ਗੁਲਾਮੀ ਭੋਗਦੇ ਹੀਣੇ ਦਿਖਾਈ ਦਿੰਦੇ ਹਨ ਪਰ ਅਜਿਹਾ ਅਸਲ ਵਿਚ ਹੈ ਨਹੀਂ ਕਿਉਂਕਿ ਭਾਵੇਂ ਪੰਜਾਬੀ ਸਮਾਜ ਵਿਚ ਇਨ੍ਹਾਂ ਕੰਮੀ ਜਾਤਾਂ ਦਾ ਜੱਟਾਂ ਦੇ ਮੁਕਾਬਲੇ ਹੀਣ-ਰੁਤਬਾ ਹੈ ਪਰ ਇਸ ਨਾਟਕ ਵਿਚ ਅਜਿਹਾ ਪ੍ਰਗਟ ਰੂਪ ਵਿਚ ਸਾਹਮਣੇ ਨਹੀਂ ਆਉਂਦਾ ਬਲਕਿ ਕਾਕੂ ਲੁਹਾਰ ਸਰਦਾ-ਪੁੱਜਦਾ ਕੰਮੀ ਹੈ, ਉਸਦੇ ਘਰ ਕੋਈ ਤੋਟ ਨਹੀਂ ਦਿਖਾਈ ਗਈ। ਇਸ ਕਰਕੇ ਇਸ ਦੇ ਵਿਸ਼ੇ ਦਾ ਸੰਬੰਧ ਅਪਰੋਖ ਢੰਗ ਨਾਲ ਨਹੀਂ ਬਲਕਿ ਪ੍ਰਤੱਖ ਢੰਗ ਨਾਲ ਪੰਜਾਬੀ ਸਭਿਆਚਾਰਕ ਮਨੋਵਿਗਿਆਨਕ ਦ੍ਰਿਸ਼ਟੀ ਨਾਲ ਮੇਲ ਕੇ ਉਸਾਰਿਆ ਨਜ਼ਰੀ ਪੈਂਦਾ ਹੈ। ਗਾਰਗੀ ਦਾ ਸਵੈ-ਕਥਨ ਵੀ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ :

"ਨਾਟਕ ਵਿਚ ਮੈਂ ਵਿਰਸੇ ਤੋਂ ਤੁਰੀ ਆਉਂਦੀ ਭਾਵਨਾ ਨੂੰ ਉਲਟਾ ਕੇ ਪੇਸ਼ ਕੀਤਾ ਹੈ। ਨਵੀਂ ਪੀੜ੍ਹੀ ਵਿਚ ਬਗਾਵਤ ਹੈ, ਪੁਰਾਣੀ ਪੀੜ੍ਹੀ ਦੇ ਖ਼ਿਲਾਫ਼ ਨਵੀ ਚੇਤਨਤਾ ਪੁਰਾਣੀ ਚੇਤਨਤਾ ਦੀ ਕੁੰਜ ਲਾਹ ਕੇ ਅੱਗੇ ਤੁਰਦੀ ਹੈ ਪਰ ਮੈਂ ਨਾਟਕ ਵਿਚ ਮਾਨਸਿਕ ਬਗਾਵਤ ਦੀ ਚਿਣਗ ਮਾਂ ਤੋਂ ਧੀ ਵੱਲ ਨਹੀਂ ਸੁੱਟੀ, ਸਗੋਂ ਧੀ ਤੋਂ ਮਾਂ ਵੱਲ ਸੁੱਟੀ ਹੈ। ਪੀੜ੍ਹੀ-ਦਰ-ਪੀੜ੍ਹੀ ਤੁਰੇ ਆਉਂਦੇ ਸੰਸਕਾਰਾਂ ਦੀ ਗਤੀ ਨੂੰ ਪੁੱਠਾ ਮੋੜਿਆ ਹੈ। (ਲੋਹਾ ਕੁੱਟ, ਪੰਨਾ 9)

ਨਾਟਕ ਦੇ ਮਨੋਵਿਸ਼ਲੇਸ਼ਣਾਤਮਕ ਨਜ਼ਰੀਏ ਤੋਂ ਇਸ ਦੇ ਪਾਤਰਾਂ ਦੇ ਵਿਅਕਤਿਤਵ ਵਿਸ਼ਲੇਸ਼ਤ ਕਰਨੇ ਜ਼ਰੂਰੀ ਹਨ। ਜਦੋਂ ਅਸੀਂ ਇਸ ਨਾਟਕ ਦੀ ਪਾਤਰ ਉਸਾਰੀ ਦੀ ਵਿਉਂਤਬੰਦੀ ਉਤੇ ਨਜ਼ਰ ਮਾਰਦੇ ਹਾਂ ਤਾਂ ਇਸ ਵਿਚ ਸਾਨੂੰ ਸਭ ਤੋਂ ਵਧੇਰੇ ਵੇਗਪੂਰਨ ਪ੍ਰਾਕਿਰਤਕ ਕਾਮ- ਰੁਚੀਆਂ ਅਧੀਨ ਵਿਚਰਦੀ ਪਾਤਰ ਬੈਣੋਂ ਦਿਖਾਈ ਦਿੰਦੀ ਹੈ। ਉਸ ਦੇ ਭਾਵਾਂ ਦੇ ਵੇਗ ਅਮੋੜ ਹਨ। ਜਿਸ ਕਰਕੇ ਉਸ ਦਾ ਵਿਅਕਤਿਤਵ ਜ਼ਿੱਦੀ, ਆਪ- ਹੁਦਰਾ ਅਤੇ ਸਮਾਜਿਕ ਸ਼ਿਸ਼ਟਾਚਾਰ ਵਿਰੋਧੀ ਪਾਤਰ ਬਣ ਜਾਂਦਾ ਹੈ। ਉਸ ਦੇ ਨਾਲ ਹੀ, ਉਸ ਦੀ ਮਾਂ ਸੰਤੀ ਅਤੇ ਸੰਤੀ ਦਾ ਕੁਆਰ ਅਵਸਥਾ ਦਾ ਹਾਣੀ, ਗੱਜਣ ਹਨ, ਜਿਨ੍ਹਾਂ ਦੀਆਂ ਕੁਝ ਮਨੋ-ਗੁੰਝਲਾਂ ਦਿਖਾਈ ਦਿੰਦੀਆਂ ਹਨ। 'ਕਾਕੂ ਨਿਰਦੋਸ਼ ਅਤੇ ਸਧਾਰਨ ਪਾਤਰ ਹੈ, ਜੋ ਆਪਣੇ ਸਮਾਜਿਕ ਫ਼ਰਜ਼ ਬੜੀ ਸਾਦਗੀ ਤੇ ਸਹਿਜਤਾ ਨਾਲ ਪੂਰੇ ਕਰਦਾ ਨਜ਼ਰੀ ਪੈਂਦਾ ਹੈ। ਬਾਕੀ ਸਾਰੇ ਪਾਤਰ ਸਹਾਇਕ-ਪਾਤਰ ਹਨ ਜੋ ਕਿਸੇ ਨਾ ਕਿਸੇ ਢੰਗ ਨਾਲ ਸਮਾਜਿਕ ਮੁੱਲਾਂ ਦੇ ਮੁੱਦਈ ਹਨ। ਇਨ੍ਹਾਂ ਪਾਤਰਾਂ ਦੇ ਸਨਮੁੱਖ ਹੀ ਸਮਾਜਿਕ ਮੁੱਲਾਂ ਅਤੇ ਇਨ੍ਹਾਂ ਦੇ ਵਿਅਕਤੀਗਤ ਮੁੱਲਾਂ ਵਿਚਲੀ ਟੱਕਰ ਹੀ ਇਸ ਨਾਟਕ ਦਾ ਧੁਰਾ ਹੈ, ਜਿਸਦੇ ਮੱਘਦੇ ਕਾਰਜ ਵਿਚੋਂ ਨਾਟਕ

ਦੇ ਕਾਰਜ ਰਾਹੀਂ ਵਿਸ਼ੇ ਦੀ ਉਸਾਰੀ ਕੀਤੀ ਗਈ ਹੈ। ਨਾਟਕਕਾਰ ਖੁਦ ਇਸਦੇ ਵਿਸ਼ੇ ਵੱਲ ਧਿਆਨ ਦਿਵਾਉਂਦਾ ਤਾਕੀਦ ਕਰਦਾ ਹੈ :

'ਨਾਟਕ ਦੀ ਨਾਇਕਾ ਸੰਤੀ ਉਤੇ ਕਈ ਲੋਕਾਂ ਨੇ ਇਤਰਾਜ ਕੀਤਾ ਹੈ ਕਿ ਭਾਰਤੀ ਸੰਸਕ੍ਰਿਤੀ ਵਿਚ ਡੁੱਬੀ ਨਾਰੀ ਇਸ ਤਰ੍ਹਾਂ ਦੀ ਨਿਸੰਗ ਬਗਾਵਤ ਨਹੀਂ ਕਰ ਸਕਦੀ ਪਰ ਪਿੰਡਾਂ ਵਿਚ ਜ਼ੁਲਮ, ਕਤਲ, ਉਧਾਲ, ਰੜਕਾਂ ਤੇ ਕਾਮ-ਵੱਸ ਬਗਾਵਤਾਂ ਆਮ ਹੁੰਦੀਆਂ ਹਨ। ਪਿੰਡਾਂ ਦੇ ਜੀਵਨ ਨੂੰ ਰੁਮਾਂਚਕ ਪਾਹ ਦੇਕੇ ਦੇਖਣ ਦੀ ਲੋੜ ਨਹੀ, ਨਾ ਹੀ ਇਸ ਨੂੰ ਜਮੀਨ ਦੇ ਝਗੜਿਆਂ ਦਾ ਖੇਤਰ ਸਮਝਣਾ ਚਾਹੀਦਾ ਹੈ। ਇਸ ਦੇ ਉਪਰਲੇ ਸਾਂਤ ਵਿਹਾਰ ਤੇ ਘਰਾਂ ਦੇ ਸਰਲ ਜੀਵਨ ਹੇਠ ਭਾਵਨਾਵਾਂ ਦੀ ਅੱਗ ਮੱਘਦੀ ਹੈ।" (ਲੋਹਾ ਕੁੱਟ, ਪੰਨਾ 9)

ਸੋ ਸਾਡਾ ਧਰਮ ਬਣਦਾ ਹੈ ਕਿ ਨਾਟਕ ਦੇ ਯੋਗ ਮੁਲਾਂਕਣ ਲਈ ਪਾਤਰਾਂ ਦੇ ਅਸਧਾਰਨ ਵਿਵਹਾਰ ਪਿੱਛੇ ਕਾਰਜਸੀਲ ਮਨੋ-ਗੁੰਝਲਾ ਦਾ ਵਿਸ਼ਲੇਸ਼ਣ ਕਰੀਏ।

ਮੇਰੀ ਜਾਚੇ ਇਸ ਨਾਟਕ ਦੀ ਮੁੱਖ ਪਾਤਰ 'ਬੈਣੋ' ਹੈ। ਵਿਸ਼ੇ ਦੀ ਉਸਾਰੀ ਅਤੇ ਵਿਸਥਾਰ ਲਈ ਨਾਟਕਕਾਰ ਇਸ ਪਾਤਰ ਰਾਹੀਂ ਹੀ ਆਪਣੀ ਜੀਵਨ-ਫ਼ਿਲਾਸਫ਼ੀ ਨੂੰ ਪੇਸ਼ ਕਰਦਾ ਹੈ। ਬੈਣੋ ਕਿਸੇ ਹੋਰ ਹੀ ਮਿੱਟੀ ਦੀ ਬਣੀ ਹੋਈ ਹੈ, ਸ਼ਿਵ ਕੁਮਾਰ ਦੀ ਲੂਣਾ ਵਾਗ ਉਸ ਦੇ ਸੀਨੇ ਵਿਚ ਲੋਹੜੇ ਦੀ ਅੱਗ ਹੈ ਜੋ ਅਸਲ ਵਿਚ ਉਸਦੇ ਕਾਮ-ਵੇਗ ਦੀ ਹੀ ਪ੍ਰਤੀਕ ਹੈ, ਇਹ ਅੱਗ ਉਸ ਤੋਂ ਸੰਭਲਦੀ ਨਹੀਂ ਅਰਥਾਤ ਉਹ ਆਪਣੀਆਂ ਪ੍ਰਕ੍ਰਿਤਕ ਕਾਮ-ਭਾਵਨਾਵਾਂ ਨੂੰ ਨਿਯੰਤਰਣ ਵਿਚ ਕਰਨ ਦੇ ਅਸਮਰੱਥ ਹੋ ਜਾਂਦੀ ਹੈ। ਇਸ ਕਰਕੇ ਉਹ ਸ਼ਿਸ਼ਟਾਚਾਰ ਨੂੰ ਨਕਾਰਦੀ ਆਪਣੀ ਪ੍ਰਕ੍ਰਿਤਕ ਕਾਮ-ਪੂਰਤੀ ਹਿੱਤ ਵਿਦਰੋਹੀ ਵਿਅਕਤਿਤਵ ਦੀ ਧਾਰਨੀ ਹੋ ਕੇ ਸਮਾਜਿਕ ਮੁੱਲਾਂ ਦੀਆਂ ਧੱਜੀਆ ਉਡਾਉਂਦੀ ਹੈ। ਉਸ ਦੇ ਅੰਦਰ ਚੰਗਿਆੜੇ ਮੱਘਦੇ ਹਨ, ਮਾਤਾ-ਪਿਤਾ ਦੇ ਦਿੱਤੇ ਜਾ ਰਹੇ ਸੰਸਕਾਰ ਉਸ ਨੂੰ ਸਵੀਕਾਰ ਨਹੀਂ। ਉਹ ਆਪਣੇ ਪਿਤਾ ਕਾਕੂ ਤੋਂ ਅੱਗ ਦੇ ਅਰਥ ਪ੍ਰਤੀਕਾਤਮਕ ਢੰਗ ਨਾਲ ਸਮਝਣ ਦੀ ਚੇਸ਼ਟਾ ਕਰਦੀ ਹੈ ਅਤੇ ਬੜੀ ਬੇਬਾਕੀ ਨਾਲ ਲੋਹੇ 'ਚ ਛੁਪੇ ਅੰਗਿਆਰੇ ਨੂੰ ਖਾ ਜਾਣਾ ਲੋਚਦੀ ਹੈ।

ਉਸ ਨੂੰ ਆਪਣੀ ਮਾਂ ਸੰਤੀ ਦੀਆਂ ਨਸੀਹਤਾਂ, ਕਿ ਉਹ ਆਪਣੇ ਪ੍ਰੇਮੀ ਸਰਬਣ ਨੂੰ ਨਾ ਮਿਲੇ, ਪ੍ਰਤੀਕਰਮ ਪ੍ਰਗਟ ਕਰਦੀ ਕਹਿੰਦੀ ਹੈ ਕਿ ਮੇਰੇ ਅੰਦਰ ਅੰਤਾਂ ਦੀ ਅੱਗ ਹੈ, ਮੇਰੇ ਪੈਰ ਮੱਚਦੇ ਨੇ, ਜਿਵੇਂ ਉਸਦਾ ਨਿਮਨ ਅੰਕਤ ਵਾਰਤਾਲਾਪ ਵਿਚਾਰਿਆ ਜਾ ਸਕਦਾ ਹੈ :

"ਕੀ ਕਰਾਂ ਮੇਰੀਏ ਮਾਏ? ਮੈਂ ਕਿਸੇ ਹੋਰ ਮਿੱਟੀ ਦੀ ਬਣੀ ਆਂ। ਮੇਰੀਆਂ ਛਾਤੀਆਂ ਵਿਚ ਸੂਰਜ ਤਪਦੇ ਨੇ। ਜੀਅ ਕਰਦਾ ਠੰਡੇ ਦੁੱਧ ਦਾ ਖੂਹ ਪੀ ਜਾਵਾਂ, ਤਾਂ ਜੁ ਠੰਡ ਪਵੇ। ਜੀ

ਕਰਦਾ ਹਨੇਰੀਆ ਰਾਤਾਂ ਨੂੰ ਕਾਲੇ ਵਿਹੜੇ ਵਿਚ ਘੁੰਮਦੀ ਫਿਰਾਂ। ਮੁੱਕੀਆਂ ਮਾਰ-ਮਾਰ ਕੇ ਭੰਨ ਸੁੱਟਾਂ ਇਸ ਵਿਹੜੇ ਦੀਆਂ ਕੰਧਾਂ ਨੂੰ। (ਲੋਹਾ ਕੁੱਟ, ਪੰਨਾ 27)

ਦੁੱਖ ਦਾ ਪ੍ਰਤੀਕ ਵੀ ਮੁੜ ਕਾਮ-ਪੂਰਤੀ ਨਾਲ ਹੀ ਜਾ ਜੁੜਦਾ ਹੈ ਅਤੇ ਕੰਧਾਂ ਨੂੰ ਮੁੱਕੀਆਂ ਮਾਰ ਕੇ ਭੰਨਣਾ ਸਥਾਪਤ ਪਰੰਪਰਾਵਾਂ ਦਾ ਵਿਦਰੋਹ ਹੀ ਹੈ।

ਇਸ ਤਰ੍ਹਾਂ ਉਸ ਨੂੰ ਪ੍ਰਕ੍ਰਿਤਕ ਖਾਹਿਸਾਂ ਦੀ ਪੂਰਤੀ ਦੇ ਰਸਤੇ ਤੋਂ ਪਿੱਛੇ ਮੁੜਨਾ ਕਬੂਲ ਨਹੀਂ। ਉਹ ਉਲਾਰ ਕਾਮ ਲਾਲਸਾਵਾਂ ਦੀ ਸ਼ਿਕਾਰ ਹੋ ਜਾਂਦੀ ਹੈ। ਉਸ ਨੂੰ ਆਪਣੇ ਪਿੰਡ ਦੀਆਂ ਤੀਵੀਆਂ ਦਾ ਸਮੇਤ ਆਪਣੇ ਮਾਂ ਦੇ ਸਮਾਜਿਕ ਮੁੱਲਾ ਦੀ ਪਾਲਣਾ ਲਈ ਆਪਣੇ ਮੱਘਦੇ ਭਾਵਾਂ ਨੂੰ ਦਮਨ ਅਤੇ ਦਲਨ ਕਰਨਾ ਮਨਜ਼ੂਰ ਨਹੀਂ ਅਤੇ ਨਾ ਹੀ ਇਸ ਦੀ ਚੋਰੀ ਛਪੇ ਕੀਤੀ ਜਾਦੀ ਪੂਰਤੀ ਪ੍ਰਵਾਨ ਹੈ। ਉਹ ਇਨ੍ਹਾਂ ਔਰਤਾਂ ਦੇ ਅਜਿਹੇ ਢੱਕੇ ਹੋਏ ਵਿਵਹਾਰ ਉਪਰੋਂ ਪਰਦਾ ਉਤਾਰਦੀ ਆਪਣੀ ਮਾ ਦੇ ਪ੍ਰਤੀਕਰਮ ਵਿਚ ਬੜੀ ਬੇਬਾਕੀ ਨਾਲ ਕਹਿੰਦੀ ਹੈ :

'ਪਿੰਡ ਦੀ ਇੱਜਤ ਤਾਂ ਰੋਜ ਪੱਟੀ ਜਾਂਦੀ ਐ- ਹਰ ਪਲ, ਹਰ ਘੜੀ। ਨਿਰੇ ਝੂਠ ਤੇ ਦਿਖਾਵੇ ਉਤੇ ਖੜ੍ਹੀ ਐ ਇਹ ਇੱਜਤ। ਇੱਥੇ ਦੀ ਹਰ ਤੀਵੀਂ ਦੀ ਹਿੱਕ ਵਿਚ ਵੇਗ ਸੁਲਗਦਾ ਐ ਤੇ ਇਸਦੀ ਅੱਗ ਵਿਚ ਮੱਚ ਕੇ ਉਹ ਸੁਆਹ ਹੋਈ ਪਈ ਐ।"

"ਸਭ ਨੂੰ ਪਤੈ ਪਿੰਡ ਦੀ ਇੱਜਤ ਦਾ। ਬੁੱਢੀਆਂ, ਜੁਆਨ ਤੇ ਨਿੱਕੀਆਂ ਕੁੜੀਆਂ ਨੂੰ ਜੰਮਦੀਆਂ ਹੀ ਪਤਾ ਹੁੰਦੈ ਕਿ ਹਨੇਰੇ ਵਿਚ ਕੀ ਹੋ ਰਿਹੈ। ਹਰ ਕੋਈ ਦੇਖਦਾ ਐ ਪਰ ਮੰਨਦਾ ਨਹੀਂ। ਤੀਵੀਆਂ ਵਿਚ ਗੁਪਤ ਸਾਂਝ ਐ ਗੁੱਝੇ ਭੇਦ ਨੂੰ ਲੁਕਾਉਣ ਦੀ ਸਾਜਿਸ਼। ਪਰ ਮੈਂ ਇਹ ਬੋਝ ਨਹੀਂ ਝੱਲ ਸਕਦੀ, ਇਹ ਬੋਝ। (ਲੋਹਾ ਕੁੱਟ, ਪੰਨਾ:28)

ਅਸਲ ਵਿਚ ਉਹ ਮੁੱਲ-ਮੁਕਤ ਦ੍ਰਿਸ਼ਟੀ ਦੀ ਮੁਤਲਾਸੀ ਹੈ। ਉਸ ਨੂੰ ਔਰਤ ਦੇ ਜੀਵਨ-ਸਾਥੀ ਦੀ ਚੋਣ ਵਿਚ ਪੈਦਾ ਕੀਤੇ ਬੰਧਨ ਕਬੂਲ ਨਹੀਂ ਅਰਥਾਤ ਉਹਨੂੰ ਵਿਆਹ ਸੰਸਥਾ ਦੇ ਜਾਤੀਗਤ ਬੰਧਨ ਪ੍ਰਵਾਨ ਨਹੀਂ, ਉਸ ਦਾ ਸਰਬਣ ਦੀ ਚੋਣ ਪਿੱਛੇ ਕਾਰਜਸ਼ੀਲ ਵਿਵਹਾਰ ਇਹੋ ਪ੍ਰਗਟ ਕਰਦਾ ਹੈ। ਇਹੋ ਲੇਖਕ ਦਾ ਮੰਤਵ ਜਾਪਦਾ ਹੈ।

ਬੈਣੋ ਦੀ ਦੂਜੀ ਮਨੋ-ਗੁੰਝਲ ਇਹ ਹੈ ਕਿ ਉਹ ਪਿਤਾ ਦੁਆਰਾ ਚੁਣੇ ਉਸਦੇ ਵਰ ਤੋਂ ਆਕੀ ਹੈ, ਉਸ ਦੀਆਂ ਖਾਹਿਸ਼ਾ ਆਪਣੀ ਮਨ ਮਰਜ਼ੀ ਦੇ ਪ੍ਰੇਮੀ ਸਰਬਣ ਨਾਲ ਉਧਲ ਜਾਣ ਲਈ ਮਜ਼ਬੂਰ ਕਰਦੀਆਂ ਹਨ। ਇਹ ਉਸਦਾ ਜਾਤੀ ਵਿਆਹ-ਬੰਧਨ ਦਾ ਵਿਰੋਧ ਹੈ ਇਸ ਦਾ ਕਾਰਨ ਇਹ ਹੈ ਕਿ ਇੱਥੇ ਉਸਦੀ ਜਾਤੀ ਹੀਣ-ਭਾਵਨਾ ਕਾਰਜਸ਼ੀਲ ਹੋ ਜਾਂਦੀ ਹੈ। ਉਸ ਦੀ ਨਜ਼ਰ ਵਿੱਚ ਲੁਹਾਰ ਦਾ ਧੰਦਾ ਸਮਾਜਿਕ ਤੌਰ 'ਤੇ ਹੀਣੇ ਰੁਤਬੇ ਦਾ ਧਾਰਨੀ ਹੈ। ਉਹ

ਆਪਣੀ ਮਾਂ ਦੇ ਸਦਾਚਾਰਕ ਸਬਕ ਦੇ ਪ੍ਰਤੀਕਰਮ ਵਿਚ ਰਹਿੰਦੀ ਹੈ।

'ਮੈਨੂੰ ਮੜ੍ਹਨਾ ਚਾਹੁੰਦੀ ਹੈ, ਉਸ ਲੁਹਾਰਾ ਦੇ ਮੁੰਡੇ ਨਾਲ? ਭੱਠੀ ਦੀ ਸੁਆਹ ਵਿਚ ਸਾਰੀ ਉਮਰ ਗਾਲਣ ਲਈ। ਜੋ ਤੂੰ ਸੋ ਮੈਂ ਉਹ ਨਹੀ ਬਣਨਾ ਚਾਹੁੰਦੀ। ਜਿੰਨਾ ਮਰਜੀ ਐ ਰੋਕ ਮੈਂ ਸਰਬਣ ਨੂੰ ਮਿਲਾਂਗੀ। (ਲੋਹਾ ਕੁੱਟ, ਪੰਨਾ 45)

ਇਸ ਤਰ੍ਹਾਂ ਲੁਹਾਰ ਦਾ ਧੰਦਾ ਕਰਨ ਵਾਲੇ ਮਰਦ ਉਸ ਨੂੰ ਸਾਫ਼-ਸੁਥਰੇ ਵੀ ਨਹੀਂ ਜਾਪਦੇ, ਲੋਹਾ ਕੁੱਟ-ਕੁੱਟ ਕੇ ਉਨ੍ਹਾਂ ਦੇ ਸੁਹਜ ਭਾਵ ਵੀ ਦਫਨ ਹੋ ਜਾਦੇ ਹਨ। ਇਸ ਕਰਕੇ ਬੈਣੋ ਦੀ ਇਹ ਧਾਰਨਾ ਬਣਦੀ ਹੈ ਕਿ ਅਜਿਹੇ ਮਰਦ ਆਪਣੀ ਬੀਵੀ ਦੇ ਕਾਮ-ਵੇਗਾਂ ਦੇ ਹਾਣ ਦੇ ਨਹੀਂ ਹੁੰਦੇ। ਇਸ ਧਾਰਨਾ ਵਿਚ ਹੋਰ ਪਕਿਆਈ ਉਸ ਦੀ ਮਾਂ ਸੰਤੀ ਦੀ ਹੋਣੀ ਵੀ ਪੈਦਾ ਕਰਦੀ ਹੈ ਕਿਉਂਕਿ ਸਦਾਚਾਰ ਦੀਆਂ ਜੰਜ਼ੀਰਾਂ 'ਚ ਜਕੜੀ, ਧੂਣੀ ਦੀ ਅੱਗ ਵਾਂਗ ਧੁਖਦੀ ਆਪਣੇ ਜੀਵਨ ਦੇ ਸੁਪਨਿਆ ਨੂੰ ਲਗਾਤਾਰ ਲਤਾੜਦੀ ਆ ਰਹੀ ਹੈ। ਧੀ-ਮਾਂ ਦੇ ਹਾਵਾਂ-ਭਾਵਾਂ ਦੀ ਪੂਰਕ ਬਣਨਾ ਲੋਚਦੀ ਹੈ ਜਦੋਂ ਉਹ ਆਪਣੀ-ਮਾਂ ਦੀਆ ਸਮਝਾਉਣੀਆ ਦਾ ਜੁਆਬ ਬੜਾ ਕਰੜਾ ਦਿੰਦੀ ਹੈ। ਉਸ ਦੀ ਮਾਂ ਸੰਤੀ ਉਸ ਨੂੰ ਆਪਣੀ ਜੀਵਨ-ਸ਼ੈਲੀ ਤੋਂ ਸਿੱਖਿਆ ਲੈਣ ਦੀ ਤਾਕੀਦ ਕਰਦੀ ਹੈ ਜੋ ਆਪਣੇ ਪਤੀ ਦੀਆਂ ਜਿਆਦਤੀਆਂ ਸਹਿ ਕੇ ਵੀ ਪਰਿਵਾਰ ਦੀ ਇੱਜ਼ਤ ਬਚਾਈਂ ਰੱਖਦੀ ਹੈ ਪਰ ਬੈਣੋ ਦਾ ਪ੍ਰਤੀਕਰਮ ਦੇਖੋ:

“ਤੂੰ ਮੈਨੂੰ ਵੀ ਆਪਣੇ ਵਰਗਾ ਬਣਾਉਣਾ ਚਾਹੁੰਦੀ ਹੈ। ਆਪਣੀ ਮੂਰਖ, ਆਪਣੀ ਹਾਰੀ ਹੋਈ ਬਾਜੀ ਮੇਰੇ ਸਿਰ ਮੜ੍ਹਨਾ ਚਾਹੁੰਦੀ ਹੈ। ਮੈਂ ਆਪਣੀ ਬਾਜੀ ਨਵੇਂ ਸਿਰਿਓ ਖੁਦ ਖੇਡਾਂਗੀ। ਜੇ ਹਾਰ ਵੀ ਜਾਵਾ ਤਾਂ ਇਹ ਮੇਰੀ ਆਪਣੀ ਹਾਰ ਹੋਵੇਗੀ। ਇਕ ਤਰ੍ਹਾਂ ਦੀ ਮੇਰੀ ਜਿੱਤ। ਮੇਰਾ ਆਪਣਾ ਇਰਾਦਾ, ਆਪਣੀ ਦਲੀਲ, ਆਪਣੀ ਮਰਜੀ। ਆਪਣੀ ਹੋਣੀ ਦੀ ਮੈ ਖੁਦ ਜਿੰਮੇਵਾਰ ਹਾਂ। ਤੇਰੀ ਜੂਠੀ ਹੋਣੀ ਦੀ ਮੈ ਭਾਈਵਾਲ ਨਹੀਂ ਬਣਨਾ ਚਾਹੁੰਦੀ।" (ਲੋਹਾ ਕੁੱਟ, ਪੇਜ 45)

ਇਸ ਲਈ ਲੁਹਾਰਾ ਜੀਵਨ ਦੇ ਮੁਕਾਬਲੇ ਉਸ ਨੂੰ ਜੱਟਾ ਵਿਚੋਂ ਵੀ ਸਿਰਕੱਢ ਲੰਬਰਦਾਰਾਂ ਦੇ ਪਰਿਵਾਰ ਦਾ ਨੱਢਾ ਸਰਬਣ ਉਸਨੂੰ ਆਪਣੀਆ ਕਾਮ-ਅਕਾਂਖਿਆਵਾਂ ਦੀ ਪੂਰਤੀ ਦੇ ਹਾਣ ਦਾ ਪੁੱਗਦਾ ਮਰਦ ਲੱਗਦਾ ਹੈ। ਇਸ ਕਰਕੇ ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਦੇ ਮਾਪੇ ਕਿਸੇ ਲੁਹਾਰਾ ਕੰਮ ਕਰਦੇ ਮੁੰਡੇ ਨਾਲ ਉਸਦਾ ਰਿਸ਼ਤਾ ਪੱਕਾ ਕਰ ਚੁੱਕੇ ਹਨ ਤਾਂ ਉਹ ਆਪਣੀ ਮਾਂ ਨਾਲ ਆਢਾ ਲਾਉਂਦੀ ਹੈ, ਪਿਤਾ ਨਾਲ ਬੇਬਾਕੀ ਨਾਲ ਪੇਸ਼ ਆਉਂਦੀ ਹੈ ਅਤੇ ਸਰਬਣ ਦੇ ਸਾਥ ਦੀ ਲੋਚਾ ਹੋਰ ਵੀ ਪ੍ਰਬਲ ਰੂਪ ਵਿਚ ਪ੍ਰਗਟ ਹੁੰਦੀ ਹੈ। ਉਸ ਦਾ ਵਿਅਕਤਿਤਵ ਆਪਣੀ ਮਾਂ ਵਾਂਗ ਸਾਧਾਰਣ ਨਹੀ ਰਹਿੰਦਾ ਬਲਕਿ ਅਪਸਮਾਯੋਜਤ ਹੋ

ਜਾਂਦਾ ਹੈ ਜਿਸ ਕਰਕੇ ਉਹ ਅਸਧਾਰਨ ਵਿਵਹਾਰ ਸਿਰਜਦੀ ਹੈ। ਇਸੇ ਕਰਕੇ ਉਹ ਸਾਊ-ਸੁਸ਼ੀਲ ਧੀ ਰਹਿਣ ਦੀ ਬਜਾਇ ਵਿਦਰੋਹੀ ਰੂਪ ਅਖਤਿਆਰ ਕਰ ਲੈਂਦੀ ਹੈ। ਨਿਮਨ ਲਿਖਤ ਵਾਰਤਾਲਾਪ ਉਸ ਦੇ ਸਦਾਚਾਰਕ ਮੁੱਲਾਂ ਦੇ ਵਿਦਰੋਹ ਦੇ ਨਾਲ-ਨਾਲ ਪ੍ਰਤੀਕਾਤਮਕ ਤੌਰ ਤੇ ਉਸ ਦੇ ਉਲਾਰ ਕਾਮ-ਵੇਗਾਂ ਨੂੰ ਚਿਤਰਿਤ ਕਰਦੇ ਹਨ:

"ਦਰਵਾਜਾ ਕਿਉਂ ਬੰਦ ਕਰ ਦਿੱਤਾ? ਕੁੰਡਾ ਕਿਉਂ ਜੜ ਦਿੱਤਾ ਵਿਹੜੇ ਨੂੰ ਜਾਲਮੇ? ਖੋਲ੍ਹ ਦਰਵਾਜਾ। ਕਿਉ ਤਾੜ ਰੱਖਿਆ ਮੈਨੂੰ ਇਸ ਵਿਹੜੇ ਵਿਚ? ਦਰਵਾਜਾ ਖੋਲ੍ਹ। ਹਾਏ ਰੱਬਾ! ਮੇਰਾ ਪਿੰਡਾ ਕਿਉ ਤਪ ਰਿਹੈ? ਰਾਤ ਨੂੰ ਮੰਜੀ ਉਤੇ ਪਈ ਅੱਡੀਆ ਕਿਉਂ ਰਗੜਦੀ ਹਾਂ? ਕਿਉਂ ਮੇਰੀਆ ਤਲੀਆ ਵਿਚੋ ਚੰਗਿਆੜੇ ਨਿਕਲਦੇ ਨੇ? ਹਾਏ ਰੱਬਾ । (ਲੋਹਾ ਕੁੱਟ, ਪੰਨਾ 38)

ਬਾਹਰੋਂ ਗੀਤ ਦੀ ਆਵਾਜ ਆਉਂਦੀ ਹੈ, ਉਹ ਕੰਧਾ 'ਤੇ ਮੁੱਕੀਆ ਮਾਰਦੀ ਗੀਤ ਦੇ ਬੋਲਾ ਨਾਲ ਵਾਲ ਖੋਲ੍ਹ ਕੇ ਕੂਕਾ ਮਾਰਕੇ ਨੱਚਦੀ ਹੈ, ਨਾਚ/ ਭਿਆਨਕ ਰੂਪ ਧਾਰਦਾ ਹੈ ਉਹ ਵਿਹੜੇ 'ਚ ਲੇਟਣੀਆਂ ਖਾਦੀ ਹੈ ਉਸਨੂੰ ਦੰਦਲਾਂ ਪੈਂਦੀਆਂ ਹਨ ਅੰਤ ਵਿਚ ਉਸਦਾ ਕਾਮ ਵੇਗ ਸਿਖਰ ਤੇ ਪੁੱਜ ਕੇ ਹੌਲੀ-ਹੌਲੀ ਸ਼ਾਤ ਹੋ ਜਾਂਦਾ ਹੈ।

ਮਾਂ-ਪਿਉ ਦੀ ਸਮਾਜਿਕ ਜ਼ਿੰਮੇਵਾਰੀ ਵੱਸ ਪੈਦਾ ਕੀਤੇ ਜਾਂਦੇ ਬੰਧਨ ਉਸ ਦੇ ਕਾਮ ਵਿਵਹਾਰ ਨੂੰ ਅਵੈੜਾ ਬਣਾ ਦਿੰਦੇ ਹਨ। ਮਾਂ ਭਾਵੇਂ ਕਿਤੇ ਧੁਰ ਅੰਦਰੋਂ ਉਸ ਦੇ ਭਾਵਾਂ ਦੀ ਕਦਰਦਾਨ ਹੈ ਪਰ ਉਸ ਦਾ ਸਮਾਜਿਕ ਆਪਾ (Ego) ਉਸ ਦੀ ਸ਼ਰੇਆਮ ਪ੍ਰੋੜਤਾ ਕਰਨ ਤੋਂ ਉਸ ਨੂੰ ਵਰਜਦਾ ਹੈ। ਉਹ ਉਸਨੂੰ ਮਿੱਠੀ ਘੁਰਕੀ ਦਿੰਦੀ ਹੈ, ਪਿਤਾ ਸਾਹਮਣੇ ਬੋਲਣੋ ਬੈਣੋ ਨੂੰ ਹੋੜਦੀ ਹੈ , ਉਸ ਦੇ ਭਾਵਾਂ ਦੀ ਭਾਈਵਾਲ ਬਣਨਾ ਲੋਚਦੀ ਹੈ, ਪਰ ਫਿਰ ਵੀ ਇਕ ਜ਼ਿੰਮੇਵਾਰ ਮਾਂ (ਸਮਾਜਿਕ ਪੱਖੋ) ਦੇ ਫਰਜ਼ ਤਹਿਤ ਉਸ ਨੂੰ ਕੁਆਰ ਅਵਸਥਾ ਵਿਚ ਪੈਦਾ ਹੁੰਦੇ ਅੱਥਰੇ ਵੇਗਾ ਤੋਂ ਕਾਬੂ ਪਾਉਣ ਬਾਰੇ ਸਮਝਾਉਂਦੀ ਹੈ। (ਪੰਨਾ 27)। ਆਪਣੇ ਇਸੇ ਫ਼ਰਜ ਅਧੀਨ ਜਦੋਂ ਬੈਣੋ ਪਿਆਰ ਨਾਲ ਨਹੀਂ ਮੰਨਦੀ ਤਾਂ ਸਖਤ ਵਿਹਾਰ ਵੀ ਉਸ ਨਾਲ ਕਰਦੀ ਹੈ, ਉਸ ਨੂੰ ਅੰਦਰ ਬੰਦ ਕਰ ਦਿੰਦੀ ਹੈ, ਤੀਆਂ ਤੇ ਨਹੀਂ ਜਾਣ ਦਿੰਦੀ, ਆਪਣੇ ਦੁੱਧ ਦੀ ਸਹੁੰ ਪਵਾ ਕੇ ਸਰਬਣ ਨਾਲ ਮਿਲਣ ਤੋਂ ਵਰਜਦੀ ਹੈ, ਪਰ ਜਦੋਂ ਬੈਣੋ ਫਿਰ ਵੀ ਸਰਬਣ ਨਾਲ ਮਿਲਣੋਂ ਨਹੀਂ ਹਟਦੀ ਤਾਂ ਉਸਦਾ ਮੂੰਹ ਕਾਲਾ ਵੀ ਕਰਦੀ ਹੈ। ਪਰ ਬੈਣੋ ਉਸ ਦੇ ਇਸ ਕਰੜੇ ਵਿਵਹਾਰ ਦੇ ਸਿੱਟੇ ਵਜੋਂ ਜਦੋਂ ਆਪਣੇ ਪ੍ਰਾਕਿਰਤਕ ਕਾਮ ਵੇਗਾ ਦਾ ਦਮਨ ਕਰਦੀ ਹੈ ਤਾਂ ਉਸ ਨੂੰ ਦੌਰੇ ਪੈਂਦੇ ਹਨ, ਕਈ ਵਾਰੀ ਆਪਣੀ ਸੁੱਧ-ਬੁੱਧ ਭਲਾ ਬੈਠਦੀ ਹੈ, ਅਰਥਾਤ

ਹਿਸਟੀਰੀਆ ਦੀ ਸ਼ਿਕਾਰ ਹੋਣ ਲੱਗਦੀ ਹੈ ਪਰ ਉਹ ਆਪਣੇ ਇਨ੍ਹਾਂ ਅੱਥਰੇ ਵੇਗਾ ਦਾ ਦਮਨ ਕਰਨ ਦੇ ਅਸਮਰੱਥ ਰਹਿੰਦੀ ਹੈ। ਇਉਹ ਆਪਣੇ ਉਲਾਰ ਕਾਮ-ਵੇਗਾਂ ਪੂਰਤੀ ਹਿੱਤ ਸਰਬਣ ਨਾਲ ਉਧਲ ਜਾਣ ਲਈ ਬਜਿੱਦ ਹੋ ਜਾਂਦੀ ਹੈ। ਇਨ੍ਹਾਂ ਭਾਵਨਾਵਾਂ ਤਹਿਤ ਉਹ ਇੰਨੀ ਦਲੇਰ ਅਤੇ ਡਰਾਉਣੀ ਸੂਰਤ ਧਾਰਨ ਕਰ ਲੈਂਦੀ ਹੈ ਕਿ ਜਦੋਂ ਉਸ ਦਾ ਪਿਤਾ ਉਸ ਨੂੰ ਇਸ ਵਿਵਹਾਰ ਤੋਂ ਹੋੜਨ ਨੂੰ ਪਿੱਛਿਓਂ ਜਾ ਘੇਰਦਾ ਹੈ ਤਾਂ ਉਹ ਉਸ ਦੇ ਵਿਵਹਾਰ ਤੋਂ ਡਰ ਕੇ ਪਿੱਛੇ ਪਰਤ ਆਉਂਦਾ ਹੈ, ਹਾਰ ਮੰਨ ਲੈਂਦਾ ਹੈ ਕਿਉਂਕਿ ਉਹ ਹੱਥ ਵਿਚ ਦਾਤੀ ਲੈ ਕੇ ਆਪਣੇ ਪਿਤਾ ਨੂੰ ਵੰਗਾਰਦੀ ਹੈ ਅਤੇ ਆਪਣੇ ਰਸਤੇ ਵਿਚੋਂ ਪਿਛਾਹ ਮੁੜਨ ਲਈ ਵਰਜਦੀ ਹੈ। (ਲੋਹਾ ਕੁੱਟ, ਪੰਨਾ 54)

ਇਸ ਨਾਟਕ ਦਾ ਦੂਜਾ ਮਹੱਤਵਪੂਰਨ ਤ੍ਰੀਮਤ ਪਾਤਰ ਸੰਤੀ ਹੈ। ਉਸ ਨੇ ਜਵਾਨੀ ਦੀ ਕੁਆਰ ਅਵਸਥਾ ਵਿਚ ਗੱਜਣ ਨਾਲ ਆਪਣੀਆਂ ਸੱਧਰਾਂ ਜੋੜੀਆਂ ਸਨ. ਇਕੱਠੇ ਰਹਿਣ ਦੀਆਂ ਕਸਮਾਂ ਖਾਧੀਆਂ ਸਨ ਪਰ ਸਦਾਚਾਰ-ਪਾਲਕ ਬਣ ਕੇ ਪਿਤਾ ਦੇ ਟੋਲ੍ਹੇ ਵਰ ਕਾਕੂ ਨੂੰ ਆਪਣਾ ਪਤੀ ਸਵੀਕਾਰ ਕਰ ਲਿਆ। ਉਸ ਨੇ ਆਪਣੇ ਪਤੀ ਦੀ ਹਰ ਖੁਸ਼ੀ ਨੂੰ ਪੂਰਨ ਦੀ ਕੋਸ਼ਿਸ ਕੀਤੀ। ਉਸ ਦੇ ਦੋ ਬੱਚੇ ਬੈਣੋ ਅਤੇ ਦੀਪੇ ਨੂੰ ਜਨਮ ਦੇ ਕੇ ਉਨ੍ਹਾਂ ਨੂੰ ਚੰਗੇ ਸੰਸਕਾਰ ਦੇਣ ਦੀ ਕੋਸ਼ਿਸ਼ ਕੀਤੀ ਪਰ ਅਚੇਤਨ ਵਿਚ ਕਿਤੇ ਨਾ ਕਿਤੇ ਗੱਜਣ ਨਾਲ ਬਣੇ ਰਿਸਤੇ ਦੀ ਮਨੋ-ਗੰਢ ਰਿਸਦੀ ਰਹਿੰਦੀ ਹੈ ਪਰ ਉਹ ਆਪਣੇ ਇਨ੍ਹਾਂ ਭਾਵਾਂ ਦਾ ਬੜੀ ਪੁਖਤਗੀ ਨਾਲ ਦਮਨ ਕਰੀ ਰੱਖਦੀ ਹੈ। ਉਹ ਸਮਾਜਿਕ ਮੁੱਲਾਂ ਦੀ ਪਾਲਕ ਬਣ ਕੇ ਆਪਣੇ ਪਤੀ ਕਾਕੂ ਤੋਂ ਇਲਾਵਾ ਆਪਣੇ ਜੀਵਨ ਵਿਚ ਕਿਸੇ ਹੋਰ ਮਰਦ ਬਾਰੇ ਸੋਚਣਾ ਵੀ ਪਾਪ ਸਮਝਦੀ ਹੈ ਉਸ ਨਾਲ ਚੋਰੀ ਰਿਸਤਾ ਹੰਢਾਉਣਾ ਤਾਂ ਦੂਰ ਦੀ ਗੱਲ ਹੈ। ਉਹ ਆਪਣੇ ਪਤੀ ਕਾਕੂ ਦੇ ਮਨ ਵਿਚ ਪੈਦਾ ਹੁੰਦੇ ਸ਼ੰਕੇ ਦਾ ਜੁਆਬ ਦਿੰਦੀ ਕਹਿੰਦੀ ਹੈ।

" ਤੀਵੀ ਮਰਦ ਲਈ ਸਭ ਕੁਝ ਵਾਰ ਦੇਂਦੀ ਹੈ। ਆਪਣਾ ਘਰ ਛੱਡ ਕੇ, ਆਪਣਾ ਵੇਹੜਾ ਤੇ ਪਿੰਡ ਛੱਡ ਕੇ ਜਦੋ ਮੈਂ ਡੋਲੀ ਵਿਚ ਬੈਠੀ ਤਾਂ ਹਰ ਚੀਜ ਪਰਾਈ ਹੋ ਗਈ। ਬੱਸ ਤੂੰ ਤੇ ਭੱਠੀ ਤੇ ਚੁੱਲ੍ਹਾ ਮੇਰਾ ਸੁਹਾਗ ਬਣ ਗਏ। ਮੈਂ ਇਨ੍ਹਾਂ ਦੀ ਪੂਜਾ ਕਰਦੀ ਆ। ਮੈਂ ਤੇਰੀ ਹਾਂ। (ਲੋਹਾ ਕੁੱਟ, ਪੰਨਾ 60)

ਸੰਤੀ ਦਾ ਪ੍ਰੇਮੀ ਗੱਜਣ ਪੰਜ ਕੋਹ ਚੱਲ ਕੇ ਉਸ ਦੇ ਪਤੀ ਕਾਕੂ ਕੋਲੋਂ ਲੁਹਾਰਾ ਕੰਮ ਕਰਵਾਉਣ ਦੇ ਬਹਾਨੇ ਉਸ ਨੂੰ ਮਿਲਣ ਆਉਂਦਾ ਹੈ। ਮੌਕਾ ਤਾੜ ਕੇ ਉਸ ਨੂੰ ਆਪਣੀ ਅਤ੍ਰਿਪਤ ਸੱਧਰਾਂ

ਦਾ ਵਾਸਤਾ ਵੀ ਪਾਉਂਦਾ ਹੈ ਉਸ ਨਾਲ ਕੀਤੇ ਕੌਲ-ਕਰਾਰਾਂ ਦੀ ਯਾਦ ਕਰਵਾ ਕੇ ਉਸ ਨੂੰ ਭਾਵੁਕ ਕਰਨਾ ਲੋਚਦਾ ਹੈ ਪਰ ਜਦੋਂ ਗੱਜਣ ਆਪਣੇ ਭਾਵਾਂ ਤੋ ਬੇਬੱਸ ਹੋ ਸੀਮਾ ਉਲੰਘਦਾ ਹੈ ਤਾਂ ਸੰਤੀ ਇਕ ਸੁਹਾਗਣ ਦਾ ਫਰਜ ਨਿਭਾਉਂਦੀ ਉਸ ਨਾਲ ਓਪਰੇ ਮਰਦ ਵਾਲਾ ਦੁਰਵਿਵਹਾਰ ਕਰਦੀ ਹੈ। ਉਹ ਆਪਣੀ ਪੱਤ ਦੇ ਮਹੱਤਵ ਨੂੰ ਚੇਤੰਨ ਹੋ ਕੇ ਸਮਝਦੀ ਹੈ। ਉਸਦਾ ਵਿਦਰੋਹ ਕਰਦੀ ਹੈ:

"ਖਬਰਦਾਰ ਜੇ ਮੈਨੂੰ ਹੱਥ ਲਾਇਆ। ਮੈਂ ਵਿਆਹੀ ਗਈ। ਮੇਰੀ ਧੀ ਜਵਾਨ ਹੋ ਗਈ। ਮੈਂ ਭੱਠੀ ਦੇ ਮਾਲਕ ਦੀ ਸੁਹਾਗਣ ਬੀਵੀ ਹਾਂ। ਅੱਗੇ ਵਧਿਆ ਤਾਂ ਭੱਠੀ ਵਿਚ ਬਲਦਾ ਹੋਇਆ ਇਹੀ ਲੋਹਾ ਤੇਰੇ ਮੱਥੇ ਵਿਚ ਮਾਰਾਗੀ।" (ਲੋਹਾ ਕੁੱਟ, ਪੰਨਾ 43)

ਇਸ ਤਰ੍ਹਾਂ ਉਹ ਆਪਣੇ ਸਚਿਆਰੇ ਆਪੇ ਅਧੀਨ ਆਪਣੇ ਭਾਵਾਂ ਦਾ ਦਮਨ ਕਰ ਲੈਣ ਵਿਚ ਸਮਰੱਥ ਰਹਿੰਦੀ ਹੈ। ਇਹ ਦਮਿਤ ਭਾਵ ਉਸ ਦੇ ਸੁਚੇਤ ਵਿਵਹਾਰ ਉਤੇ ਕਿਧਰੇ ਵੀ ਪਰਛਾਵਾ ਨਹੀਂ ਬਣਦੇ। ਬਲਕਿ ਉਹ ਆਪਣੇ ਪ੍ਰੇਮੀ ਨੂੰ ਆਪਣੇ ਸਮਾਜਿਕ ਸਦਾਚਾਰਕ ਫਰਜ਼ਾਂ ਦਾ ਵਾਸਤਾ ਪਾਉਂਦੀ ਹੋਈ ਆਪਣੇ ਘਰ/ ਜੀਵਨ ਵਿਚ ਆਉਣ ਤੋਂ ਬੁਰੀ ਤਰ੍ਹਾਂ ਵਰਜਦੀ ਹੈ। ਉਸ ਦੇ ਮਨ ਅੰਦਰ ਵੀ ਬੈਣੋ ਵਾਂਗ ਜਾਤੀ ਹੀਣ ਭਾਵ ਪੈਦਾ ਹੋਏ ਸਨ, ਉਸ ਨੂੰ ਵੀ ਆਪਣਾ ਲੋਹਾ ਕੁੱਟ ਬਾਪ ਚੰਗਾ ਨਹੀਂ ਸੀ ਲੱਗਦਾ। ਉਸ ਦੀ ਮਾਂ ਪਿਤਾ ਦੇ ਹਠੀ-ਵਿਵਹਾਰ ਤੋਂ ਤੰਗ ਆ ਕੇ ਫਾਹਾ ਲੈ ਕੇ ਮਰ ਗਈ ਸੀ ਪਰ ਉਹ ਖੁਦ ਇਨ੍ਹਾਂ ਸੰਤਾਪਾਂ ਤੋਂ ਉਪਰ ਉੱਠ ਕੇ ਕਾਕੂ ਲੁਹਾਰ ਨਾਲ ਕੀਤੇ ਪਵਿੱਤਰ ਵਿਆਹ ਬੰਧਨ ਵਿਚ ਬੱਝ ਕੇ ਜਿਉਣਾ ਆਪਣੀ ਕਿਸਮਤ ਸਮਝਦੀ ਹੈ। ਮੁੱਲ-ਪਾਲਕ ਹੋ ਜਾਂਦੀ ਹੈ। ਉਹ ਸਾਧਾਰਣ ਪਤਨੀ ਵਾਂਗ ਕਾਕੂ ਦੇ ਕੁਝ ਐਬਾਂ ਨੂੰ ਨਜ਼ਰ ਅੰਦਾਜ ਕਰਕੇ ਘਰ ਗ੍ਰਹਿਸਥੀ ਚਲਾਉਂਦੀ ਹੈ ਇਸ ਤਰ੍ਹਾਂ ਉਹ ਸਮਾਯੋਜਕ ਵਿਅਕਤਿਤਵ ਦੀ ਧਾਰਨੀ ਹੈ ਜਿਸ ਨੂੰ ਸਧਾਰਨ (Normal) ਪਾਤਰ ਕਿਹਾ ਜਾ ਸਕਦਾ ਹੈ। ਬੈਣੋ ਦੇ ਉਧਲ ਜਾਣ ਤੋਂ ਬਾਅਦ ਉਸ ਦੇ ਵਿਵਹਾਰ ਵਿਚ ਕੁਝ ਓਪਰਾਪਣ ਪੈਦਾ ਹੋਣ ਲਗਦਾ ਹੈ। ਉਹ ਅੰਦਰੋਂ-ਅੰਦਰ ਕਾਕੂ ਲੁਹਾਰ ਨਾਲ ਨਫ਼ਰਤ ਕਰਦੀ ਦਿਖਾਈ ਦਿੰਦੀ ਹੈ। ਆਪਣੀ ਜੁਆਨੀ ਦੀ ਸਹੇਲੀ ਬਚਨੀ ਨਾਲ ਬੈਠ ਕੇ ਬੀਤੇ ਵੇਲੇ ਯਾਦ ਕਰਦੀ ਹੈ। ਉਸ ਨੂੰ ਬੈਣੋ ਦਾ ਵਿਵਹਾਰ ਆਪਣੀ ਕੁੱਖ ਦੀ ਆਵਾਜ ਜਾਪਣ ਲਗਦਾ ਹੈ। ਉਹ ਸੋਚਦੀ ਹੈ ਕਿ ਜੋ ਔਰਤਾਂ ਆਪਣੇ ਮਨ ਦੀ ਮੁਰਾਦ ਪੂਰੀ ਕਰ ਲੈਂਦੀਆਂ ਹਨ ਉਨ੍ਹਾਂ ਦਾ ਸਮਾਜ ਕੀ ਵਿਗਾੜਦਾ ਹੈ। ਸਿਵਾਏ ਦੋ-ਚਾਰ ਦਿਨ ਦੀ ਚਰਚਾ ਦੇ, ਇਸ ਦੇ ਉਲਟ ਜੋ ਉਸ ਵਾਂਗ ਆਪਣੇ ਭਾਵਾਂ ਦਾ ਦਮਨ ਕਰਕੇ ਸਮੁੱਚੇ ਜੀਵਨ ਵਿਚ ਸੰਤਾਪ ਭੋਗਦੀਆਂ ਹਨ

ਉਨ੍ਹਾਂ ਨੂੰ ਕੀ ਪ੍ਰਾਪਤ ਹੁੰਦਾ ਹੈ ? ਕਾਕੂ ਲਹਾਰ ਵਰਗਾ ਜੋੜ ਜੋ ਲੋਹਾ ਕੁੱਟ-ਕੁੱਟ ਕੇ ਔਰਤ ਦੇ ਜਜ਼ਬਿਆਂ ਦੀ ਪੂਰਤੀ ਦੀ ਸੁੱਧ ਵੀ ਖੋਹ ਬੈਠਦਾ ਹੈ, ਸੁਹਜ ਸੁਆਦਾਂ ਤੋਂ ਸੱਖਣਾ ਹੋਣ ਲੱਗਦਾ ਹੈ। ਉਸ ਦੇ ਮਨ ਵਿਚ ਸੁਆਲ ਪੈਦਾ ਹੁੰਦਾ ਹੈ ਕਿ ਔਰਤ ਅਜਿਹੀ ਹੋਣੀ ਕਿਉਂ ਭੋਗੇ? ਪਰ ਇਹ ਪ੍ਰਵਿਰਤੀਆ ਛਿਣ-ਭੰਗਰੀਆ ਹਨ, ਸਥਾਈ ਨਹੀਂ। ਇੱਥੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਕਾਕੂ ਸਰੀਰਕ ਪੱਖ ਤੋਂ ਤੰਦਰੁਸਤ ਪਾਤਰ ਹੈ, ਬੈਣੋ ਦੇ ਉਧਲ ਜਾਣ ਤੱਕ ਨਾਟਕ ਵਿਚ ਸੰਤੀ ਦੇ ਉਲਾਰ ਕਾਮ-ਵੇਗ ਵੀ ਕਿਤੇ ਨਜ਼ਰ ਨਹੀਂ ਆਉਂਦੇ ਸਗੋਂ ਕਾਕੂ ਬੰਸੋ ਵਰਗੀ ਪਰਾਈ ਔਰਤ ਨੂੰ ਵੀ ਭੋਗਦਾ ਹੈ ਘਰ ਵਿਚ ਆਰਥਕ ਖੁਸ਼ਹਾਲੀ ਵੀ ਹੈ। ਇਸ ਤਰ੍ਹਾਂ ਸੰਤੀ ਦੇ ਵਿਵਹਾਰ ਵਿਚ ਜੋ ਅਚਾਨਕ ਪਰਿਵਰਤਨ ਆਉਂਦਾ ਹੈ ਉਹ ਪਾਤਰ ਦੇ ਮਨੋਵਿਗਿਆਨਕ ਕਾਰਕ ਦੇ ਕਾਰਜ ਵਿਚੋਂ ਪੈਦਾ ਹੁੰਦਾ ਨਹੀਂ ਜਾਪਦਾ ਅਤੇ ਇਸ ਕਰਕੇ ਇਹ ਬਦਲਾਅ ਸੰਭਾਵੀ ਵੀ ਨਹੀਂ ਜਾਪਦਾ। ਲੱਗਦਾ ਇੰਝ ਹੈ ਕਿ ਨਾਟਕਕਾਰ ਬੈਣੋ ਨੂੰ ਮਾਡਲ ਬਣਾ ਕੇ ਸੰਤੀ ਦੀ ਸ਼ਖਸੀਅਤ ਵਿਚ ਉਸ ਦੀ ਪੁਨਰ-ਸਿਰਜਣਾ ਕਰਨੀ ਚਾਹੁੰਦਾ ਹੈ। ਸੰਤੀ ਜੋ ਪਹਿਲਾ ਆਪਣੇ ਪਤੀ ਨੂੰ ਪਰਮੇਸ਼ਰ ਸਮਝਣ ਵਾਲੀ ਔਰਤ ਸੀ। ਉਸ ਨੂੰ ਇਕਦਮ ਆਪਣੇ ਪੁੱਤਰ ਦੀਪੇ ਦੇ ਵਾਲਾ ਵਿਚੋ ਆਇਆ ਮੁਸ਼ਕ ਮੁਕਲਾਵੇ ਵਾਲੀ ਰਾਤ ਨਾਲ ਜਾ ਜੋੜਦਾ ਹੈ। ਇਸ ਤਰ੍ਹਾ ਲੱਗਦਾ ਹੈ ਕਿ ਨਾਟਕਕਾਰ ਸੰਤੀ ਦੇ ਪਾਤਰਾਂ ਨੂੰ ਆਪਣੇ ਨਿਸ਼ਚਿਤ ਪ੍ਰਯੋਜਨ ਅਧੀਨ ਵਰਤ ਰਿਹਾ ਹੈ। ਜਿੱਥੇ ਉਹ ਪਹਿਲਾਂ ਮੁੱਲ-ਪੂਜਕ ਹੋ ਕੇ ਆਪਣੇ ਪ੍ਰੇਮੀ ਗੱਜਣ ਨੂੰ ਘਰੋ ਦੁਰਕਾਰਦੀ ਹੈ, ਉਥੇ ਇਕਦਮ ਕਾਕੂ ਨਾਲ ਕੋਈ ਲੰਬਾ-ਚੌੜਾ ਬਖੇੜਾ ਪੈਣ ਤੋਂ ਬਿਨਾ ਹੀ ਗੱਜਣ ਨਾਲ ਉਧਲ ਕੇ ਸਮਾਜਕ-ਮੁੱਲਾ ਦੀ ਵਿਰੋਧੀ ਧਾਰਨਾ ਗ੍ਰਹਿਣ ਕਰ ਲੈਂਦੀ ਹੈ। ਨਾਟਕ ਵਿਚ ਇਹ ਮੋੜ ਸੰਭਵ ਤਾ ਮੰਨਿਆ ਜਾ ਸਕਦਾ ਹੈ ਪਰ ਸੰਭਾਵੀ ਨਹੀਂ। ਜਦੋਂ ਬੰਸੋ ਆ ਕੇ ਕਾਕੂ ਨੂੰ ਖ਼ਬਰ ਦਿੰਦੀ ਹੈ ਕਿ ਸੰਤੀ ਗੱਜਣ ਨਾਲ ਉਧਲ ਗਈ ਹੈ ਤਾਂ ਕਾਕੂ ਗੁੱਸੇ ਵਿਚ ਗੰਡਾਸਾ ਚੁਕਦਾ ਪਰ ਫਿਰ ਪਤਾ ਨਹੀ ਕਿਉ ? ਕੀ ਸੋਚ ਕੇ ਇਸ ਘਟਨਾ ਅੱਗੇ ਗੋਡੇ ਟੇਕ ਦਿੰਦਾ ਹੈ। ਲੇਖਕ ਅਨੁਸਾਰ ਸੰਤੀ ਦੀ ਬਗਾਵਤ ਨੂੰ ਸਵੀਕਾਰ ਕਰ ਲੈਂਦਾ ਹੈ। ਨਾਟਕ ਦਾ ਇਸ ਤਰ੍ਹਾ ਹੋਇਆ ਅੰਤ ਵੀ ਸੰਭਾਵੀ ਪ੍ਰਸਥਿਤੀਆਂ ਦੇ ਅਨੁਕੂਲ ਨਹੀਂ ਲੱਗਦਾ ਸਗੋਂ ਸਮੱਸਿਆ ਦਾ ਸਰਲੀਕਰਨ ਲੱਗਦਾ ਹੈ। ਕਾਕੂ ਆਪਣੇ ਘਰ ਵਿਚ ਆਪਣੇ-ਆਪ ਨੂੰ ਕੁੰਡਾ ਲਾ ਕੇ ਬੰਦ ਕਰ ਲੈਂਦਾ ਹੈ ਉਹ ਦੁਬਾਰਾ ਆਪਣਾ ਰੋਜ਼ਮਰਾ ਦਾ ਕੰਮ ਸ਼ੁਰੂ ਕਰ ਦਿੰਦਾ ਹੈ, ਜਿਵੇਂ ਕਿ ਕੁਝ ਵੀ ਘਰ ਵਿੱਚ ਨਹੀਂ ਵਾਪਰਿਆ ਹੁੰਦਾ। ਉਸ ਦੇ ਵਿਵਹਾਰ ਵਿਚ ਕੋਈ ਗੁੱਸਾ ਨਜ਼ਰ ਨਹੀਂ ਆਉਂਦਾ ਜਾਂ ਤਾਂ ਕਾਕੂ ਕੁੰਡਾ ਬੰਦ ਕਰਕੇ ਆਪਣੀ

ਭੱਠੀ, ਧੌਂਕਣੀ, ਹਥੌੜਾ ਹੋਰ ਸੰਦ ਤੋੜ ਦਿੰਦਾ, ਜਿਨ੍ਹਾਂ ਦੀ ਵਰਤੋਂ ਉਸ ਨੇ ਆਪਣੇ ਪਰਿਵਾਰਕ ਸੁੱਖਾ ਲਈ ਕੀਤੀ। ਸੁਆਲ ਪੈਦਾ ਹੁੰਦਾ ਹੈ ਕਿ ਕੀ ਕਾਕੂ ਆਪਣੇ ਆਪ ਨੂੰ ਪੂਰਨ ਮਰਦ ਨਹੀਂ ਮੰਨਦਾ ? ਜਾ ਗੱਜਣ ਵੱਡਾ ਜ਼ਿੰਮੀਦਾਰ ਕਿ ਉਸ ਕੋਲੋਂ ਡਰ ਗਿਆ, ਜਾਂ ਸੰਤੀ ਦਾ ਦੋਸ਼ੀ ਹੈ ਕਿ ਉਸ ਦੀਆਂ ਜਵਾਨ ਕਾਮ-ਸੱਧਰਾਂ ਦੀ ਪੂਰਤੀ ਤੋਂ ਖੁੰਝ ਗਿਆ। ਸਾਰੇ ਨਾਟਕੀ ਕਾਰਜ ਵਿਚੋਂ ਕਾਕੂ ਦੇ ਚਰਿੱਤਰ ਦਾ ਅਜਿਹਾ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਉਹ ਹੋਣੀ ਨੂੰ "ਸਵੀਕਾਰ ਕਰਨ ਵਾਲਾ ਪਾਤਰ ਵੀ ਨਹੀਂ। ਸਗੋਂ ਉਹ ਤਾਂ ਮਾਂ ਪਿਓ ਮਹਿੱਟਰ ਆਪਣੇ ਪੈਰਾਂ ਤੇ ਆਪ ਖੜ੍ਹਾ ਹੋ ਕੇ ਇਲਾਕੇ ਵਿਚ ਲੁਹਾਰਾ ਕੰਮ ਵਿਚ ਆਪਣੀ ਪੈਂਹਠ ਬਣਾਉਂਦਾ ਹੈ। ਜਿਸ ਤੋਂ ਪ੍ਰਭਾਵਤ ਹੋ ਕੇ ਸੰਤੀ ਦਾ ਬਾਪ ਉਸ ਨਾਲ ਸੰਤੀ ਦਾ ਵਿਆਹ ਕਰਦਾ ਹੈ। ਉਹ ਪੂਰੇ ਨਾਟਕ ਵਿਚ ਇਕ ਸਧਾਰਨ ਪਤੀ ਦਾ ਰੋਲ ਨਿਭਾਉਂਦਾ ਹੈ। ਜੇਕਰ ਸੰਤੀ ਉਤੇ ਕੁਝ ਸ਼ੰਕਾ ਕਰਕੇ ਕਦੇ ਕਰੜਾ ਵਿਵਹਾਰ ਕਰਦਾ ਹੈ ਉਹ ਵੀ ਨਿਰਾਧਾਰ ਨਹੀ ਬਲਕਿ ਉਹ ਆਪਣਾ ਪਤੀ-ਧਰਮ ਦੀ ਪਾਲਦਾ ਕਰਦਾ ਹੈ। ਨਿਰਸੰਦੇਹ ਉਸ ਵਿਚ ਵੀ ਆਮ ਮਰਦਾ ਵਾਲੇ ਐਬ ਹਨ ਪਰ ਉਹ ਮੂਲੋ ਹੀ ਨਾਮਰਦ ਪਾਤਰ ਨਹੀਂ। ਨਾ ਹੀ ਇੰਨਾ ਹੀਣਾ ਹੈ ਕਿ ਉਸ ਦੀ ਪਤਨੀ ਉਸਨੂੰ ਸਮਾਜਿਕ ਨਮੋਸ਼ੀ ਸਹਿਣ ਲਈ ਜ਼ਿੰਮੇਵਾਰ ਠਹਿਰਾਵੇ। ਜੇ ਉਸ ਵਿਚ ਕੁਝ ਐਬ ਹਨ ਤਾਂ ਉਹ ਸੰਤੀ ਦੀਆਂ ਜੁਆਨੀ ਵਿਚ ਕੀਤੀਆ ਗਲਤੀਆਂ ਮੁਆਫ ਵੀ ਕਰਦਾ ਹੈ। ਜਦੋਂ ਸੰਤੀ ਉਸ ਨੂੰ ਸਿਰਫ਼ ਕੰਮ ਵਿਚ ਵਿਅਸਤ ਰਹਿਣ ਤੇ ਪਤੀ ਧਰਮ ਦਾ ਮਿਹਣਾ ਵੀ ਮਾਰਦੀ ਹੈ ਤਾਂ ਉਹ ਉਸ ਨਾਲ ਸੰਤੁਸ਼ਟੀਜਨਕ ਸਹਿਵਾਸ ਰਚਾਉਂਦਾ ਹੈ। ਇਸ ਸੀਨ ਵਿਚ ਉਸਦੇ ਕਾਮ-ਕਲੋਲ ਅਤੇ ਹਨੇਰੇ ਵਿਚ ਸੰਗੀਤ ਦਾ ਉੱਚਾ ਹੋਣਾ ਸੰਤੀ ਦੀ ਕਾਮ-ਪੂਰਤੀ ਦੇ ਪ੍ਰਤੀਕ ਮਾਤਰ ਹਨ। (ਲੋਹਾ ਕੁੱਟ, ਪੰਨਾ 32)

ਇਸ ਤਰ੍ਹਾ ਲੇਖਕ ਇਸ ਗੱਲ ਦੀ ਖੁਦ ਸਾਹਦੀ ਭਰਦਾ ਹੈ।

ਕਾਕੂ ਦੇ ਪਤਨੀ ਪ੍ਰੇਮ ਅਤੇ ਆਪਣੇ ਫਰਜਾ ਦੀ ਚੇਤਨਤਾ ਨਾਟਕ ਦੇ ਅੰਤਲੇ ਵਾਰਤਾਲਾਪ ਵਿੱਚੋਂ ਵੀ ਮਿਲਦੀ ਹੈ ਜਦੋਂ ਉਹ ਦੂਜੀ ਔਰਤ ਦੇ ਆਪਣੇ ਜੀਵਨ ਵਿਚਲੇ ਮਹੱਤਵ ਨੂੰ ਮਨਫ਼ੀ ਕਰਦਾ ਹੈ। (ਪੰਨਾ 71) ਉਹ ਇਕ ਥਾਂ ਪਹਿਲਾ ਵੀ ਪਤਨੀ ਦੇ ਸਮਾਜਿਕ ਮਹੱਤਵ ਤੋਂ ਚੇਤੰਨ ਹੋ ਕੇ ਕਹਿੰਦਾ ਹੈ

'ਤੂੰ ਕਦੇ ਨਹੀਂ ਸਮਝੇਂਗੀ ਮਰਦ ਦੇ ਕਿੱਤੇ ਨੂੰ। ਜੋ ਕੰਮ ਕਰੋ ਉਸ ਵਿਚ ਆਪਣੀ ਦੇਹ ਢਾਲਣੀ ਪੈਂਦੀ ਹੈ। ਕਮਲੀਏ ਤੂੰ ਮੇਰੀ ਤੀਵੀ ਮੈਂ ਤੇਰਾ ਮਰਦ। ਆਪਸ ਦਾ ਝਗੜਾ ਵੀ, ਕੋਈ ਝਗੜਾ ਹੁੰਦੈ। ਤੇਰੇ ਤੇ ਮੇਰੇ ਵਿਚਕਾਰ ਕੋਈ ਹੋਰ ਨਹੀਂ। ਉਸ ਸਾਲੀ ਬੰਸੋ ਨੂੰ ਮੈਂ ਕੀ ਸਮਝਦਾ

ਹਾਂ।ਉਹ ਤੇਰੇ ਪੈਰ ਦੀ ਮੈਲ ਵੀ ਨਹੀਂ।" (ਲੋਹਾ ਕੁੱਟ, ਪੰਨਾ 6)

ਅਸਲ ਵਿਚ ਇਸ ਤਰ੍ਹਾਂ ਲੱਗਦਾ ਹੈ ਕਿ ਕਾਕੂ ਲੁਹਾਰ ਦਾ ਪਾਤਰ ਵੀ ਨਾਟਕਕਾਰ ਦੇ ਮਨੋਰਥ ਦੀ ਪੂਰਤੀ ਹਿੱਤ ਹੀ ਕਾਰਜਸ਼ੀਲ ਹੁੰਦਾ ਹੈ। ਉਹ ਅੜਬ ਸੁਭਾਅ ਦਾ ਹੁੰਦਾ ਵੀ ਬੈਣੋ ਦੇ ਉੱਧਲ ਜਾਣ 'ਤੇ ਮਰਨ ਮਰਾਉਣ 'ਤੇ ਨਹੀਂ ਉੱਤਰਦਾ ਨਾ ਹੀ ਪਤਨੀ ਦੇ ਉੱਧਲ ਜਾਣ ਤੇ ਕੋਈ ਰੋਹ-ਪੂਰਨ ਪ੍ਰਤੀਕਰਮ ਸਿਰਜਦਾ ਹੈ। ਸਗੋਂ ਅਜਿਹੀਆਂ ਪ੍ਰਸਥਿਤੀਆ ਸਮੇ ਉਸ ਨੂੰ ਇਕ ਨਿਰਬਲ ਪਾਤਰ ਬਣਾ ਕੇ ਪੇਸ਼ ਕੀਤਾ ਹੈ।

ਮਨੋਵਿਗਿਆਨਕ ਸਮੱਸਿਆਵਾਂ ਨਾਲ ਜੁੜੇ ਨਾਟਕਾਂ ਵਿਚ ਨਾਟਕਕਾਰ ਪ੍ਰਤੀਕ ਸਿਰਜਣਾ ਨੂੰ ਵੀ ਮਹੱਤਵਪੂਰਨ ਜੁਗਤ ਦੇ ਤੌਰ ਤੇ ਵਰਤਦਾ ਹੈ। ਉਹ ਸੂਖਮ ਜਜ਼ਬਿਆ ਦੀ ਉਤੇਜਨਾ ਨੂੰ ਪ੍ਰਗਟ ਕਰਨ ਲਈ ਪ੍ਰਤੀਕਾਂ ਦੀ ਸਿਰਜਨਾ ਕਰਦਾ ਹੈ। ਇਸ ਨਾਟਕ ਵਿੱਚ ਵੀ ਗਾਰਗੀ ਨੇ ਕੁਝ ਮਹੱਤਵਪੂਰਨ ਪ੍ਰਤੀਕਾ ਦੀ ਸਿਰਜਣਾ ਕੀਤੀ ਹੈ। ਕਈ ਥਾਵਾਂ 'ਤੇ ਇਹ ਦੂਹਰੇ ਅਰਥਾਂ ਦਾ ਸੰਚਾਰ ਕਰਦੇ ਹਨ। ਜਿਵੇਂ ਅੱਗ ਕਾਮ ਦੇ ਅਮੋੜ ਵੇਗਾ ਦੀ ਪ੍ਰਤੀਕ ਹੈ, ਲੋਹੇ ਵਿਚੋਂ ਨਿਕਲਦੇ ਚੰਗਿਆੜੇ ਕਾਮ-ਉਤੇਜਨਾ ਦੇ ਪ੍ਰਤੀਕ ਹਨ, ਤਿੱਤਰ ਤੇ ਮੁਰਗਾ ਵੀ ਇਨ੍ਹਾਂ ਭਾਵਾਂ ਦੇ ਹੀ ਪ੍ਰਤੀਕ ਹਨ, ਘੋੜੀ ਦੀ ਹਿਣਹਿਣਾਹਕ ਬੈਣੋ ਦੇ ਅੰਦਰ ਉਬਲਦੇ ਕਾਮ-ਜਜਬਿਆਂ ਦਾ ਪ੍ਰਤੀਕ ਹੈ, ਘੋੜੀ ਨੂੰ ਬੰਨ੍ਹਣਾ ਔਰਤ ਦੇ ਜਜ਼ਬਿਆ ਨੂੰ ਬੰਧਨ ਆਇਦ ਕਰਨ ਦਾ ਪ੍ਰਤੀਕ ਹੈ। ਦੁੱਧ ਸਾਡੇ ਸਭਿਆਚਾਰ ਵਿਚ ਵੀਰਜ਼ ਦਾ ਪ੍ਰਤੀਕ ਹੈ ਜੋ ਮੁੜ ਕਾਮ-ਪੂਰਤੀ ਨਾਲ ਜਾ ਜੁੜਦਾ ਹੈ। ਇਸ ਤਰ੍ਹਾਂ ਇਸ ਨਾਟਕ ਵਿਚ ਵਰਤੇ ਗਏ ਚਿੰਨ੍ਹ ਪ੍ਰਕ੍ਰਿਤਕ ਕਾਮ ਵੇਗ ਨੂੰ ਉਤੇ ਜਿੱਤ ਕਰਨ ਲਈ ਜਾ ਪ੍ਰਗਟ ਕਰਨ ਲਈ ਵਰਤੇ ਗਏ ਹਨ. ਇਨ੍ਹਾਂ ਪ੍ਰਤੀਕਾ ਦੀ ਮਦਦ ਨਾਲ ਵਿਸ਼ੇ ਨੂੰ ਹੋਰ ਉਘਾੜਨ ਵਿਚ ਮਦਦ ਮਿਲੀ ਹੈ।

ਇਸ ਨਾਟਕ ਦੇ ਸਮੁੱਚੇ ਮਨੋਵਿਸ਼ਲੇਸ਼ਣਾਤਮਕ ਅਧਿਐਨ ਵਿਚ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਸ ਨਾਟਕ ਦੀ ਸਮਾਜਿਕ ਸਾਰਥਿਕਤਾ ਕੀ ਹੈ? ਮੰਤਵ ਕੀ ਹੈ? ਕੋਈ ਰਚਨਾਕਾਰ ਮੰਤਵਹੀਣ ਰਚਨਾ ਨਾਲ ਸੰਤੁਸ਼ਟ ਨਹੀਂ ਹੁੰਦਾ। ਉਂਝ ਵੀ ਭਾਵੇ ਕਿਸੇ ਰਚਨਾ ਵਿਚ ਸਿਰਫ਼ ਪ੍ਰਸਥਿਤੀਆਂ ਹੀ ਪੇਸ਼ ਕੀਤੀਆਂ ਜਾਣ ਉਸ ਵਿਚ ਹੀ ਰਚਨਾ ਦਾ ਮੰਤਵ ਨਿਹਤ ਹੁੰਦਾ ਹੈ। ਇਸ ਨਾਟਕ ਉਤੇ ਸਮਕਾਲੀ ਆਲੋਚਕਾਂ ਵੱਲੋਂ ਅਤੇ ਜਨ ਸਧਾਰਨ ਵਲੋਂ ਸਮੇਂ-ਸਮੇ ਕਈ ਦੋਸ਼ ਲੱਗੇ ਹਨ। 1944 ਵਿਚ ਇਹ ਦੋਸ਼ ਲੱਗਣੇ ਹੋਰ ਵੀ ਸੁਭਾਵਕ ਸਨ ਕਿਉਂਕਿ ਇਸ ਵਿਚਲੀਆਂ ਪ੍ਰਸਥਿਤੀਆਂ ਤਤਕਾਲੀ ਸਮਾਜ ਦੀ ਚੇਤਨਾ ਦੇ ਅਨੁਕੂਲ ਨਹੀ ਸਨ। ਇਸ ਤਰ੍ਹਾਂ ਇਹ ਪੰਜਾਬੀ ਸਾਹਿਤ ਵਿਚ ਵੱਖਰੇ ਵਿਸ਼ੇ ਨੂੰ ਪ੍ਰਗਟ ਕਰਨ ਵਾਲਾ ਨਾਟਕ

ਸੀ। ਇਸ ਨਾਟਕ ਵਿਚ ਜੋ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਉਹ ਇਹ ਹੈ ਕਿ ਨਵੇਂ ਬਦਲਦੇ ਆਰਥਿਕ ਸਭਿਆਚਾਰਕ ਰਿਸ਼ਤਿਆ ਦੇ ਅਨੁਕੂਲ ਨਵੇਂ ਸਮਾਜੀ ਮੁੱਲ ਸਿਰਜਣੇ ਪੈਣਗੇ, ਜੇਕਰ ਸਮਾਜ ਇਸ ਤੋਂ ਕੁਤਾਹੀ ਕਰਦਾ ਹੈ ਤਾਂ ਬੈਣੋ ਵਰਗੇ ਅਵੈੜੇ ਵਿਦਰੋਹੀ (ਅਸਾਧਾਰਣ) ਪਾਤਰ ਪੈਦਾ ਹੋਣਗੇ। ਇੱਥੋਂ ਤੱਕ ਠੀਕ ਲੱਗਦਾ ਹੈ ਪਰ ਜਦੋ ਨਾਟਕਕਾਰ ਧੀ ਤੋ ਮਾਂ ਨੂੰ ਪੇਰਣਾ ਲੈਣ ਦੀ ਚੇਸ਼ਟਾ ਵੱਸ ਮਾਂ ਨੂੰ ਉਧਲਣ ਦੇ ਰਸਤੇ ਤੋਰਦਾ ਹੈ ਤਾਂ ਇਸ ਨੂੰ ਸੰਭਵ (ਰੋਮਾਂਟਿਕ) ਸੱਚ ਤਾ ਮੰਨਿਆ ਜਾ ਸਕਦਾ ਹੈ ਸੰਭਾਵੀ ਮਾਨਸਿਕ ਸੱਚ ਨਹੀਂ ਮੰਨਿਆ ਜਾ ਸਕਦਾ। ਇਸ ਕਰਕੇ ਇੱਥੇ ਨਾ ਤਾਂ ਸਮਾਜਿਕ ਸੱਚ ਬਣਦਾ ਹੈ ਅਤੇ ਨਾ ਹੀ ਇਹ ਸਾਹਿਤਕ-ਯਥਾਰਥ ਵਿਚ ਢੱਲਦਾ ਹੈ। ਅਜਿਹਾ ਕਰਨ ਨਾਲ ਨਾਟਕਕਾਰ ਦਾ ਪ੍ਰਯੋਜਨ ਕਮਜ਼ੋਰ ਪੈ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਜੋ ਜਾਤੀ ਨਿੰਦਾ ਦੇ ਦੋਸ਼ ਗਾਰਗੀ ਉਤੇ ਲੱਗੇ ਸਨ, ਉਹ ਜਾਇਜ਼ ਲੱਗਦੇ ਹਨ। ਇਸ ਨਾਟਕ ਵਿਚ ਸਥਾਪਿਤ ਕੀਤਾ ਹੈ ਕਿ ਸਖ਼ਤ ਕੰਮ ਕਰਨ ਵਾਲੇ ਮਰਦ ਔਰਤ ਦੀ ਕਾਮ- ਪੂਰਤੀ ਦੇ ਸਮਰੱਥ ਨਹੀਂ ਹੁੰਦੇ, ਇਹ ਜੀਵਨ ਦਾ ਸੱਚ ਨਹੀਂ। ਅਜਿਹਾ ਕਰਕੇ ਰਚਨਾਕਾਰ ਕੀ ਨਵਾਂ ਸਿਰਜਣਾ ਚਾਹੁੰਦਾ ਹੈ। ਇਹ ਗੱਲ ਭੰਬਲਭੂਸੇ ਵਾਲੀ ਹੋ ਨਿਬੜਦੀ ਹੈ ਅਤੇ ਨਾਟਕਕਾਰ ਕਾਕੂ ਲੁਹਾਰ ਦੀ ਇਸ ਧਾਰਨਾ ਦਾ ਮੁੱਦਈ ਜਾਪਦਾ ਹੈ, ਜਿਵੇਂ

"ਅਸੀ ਲੋਹਾ ਢਾਲ ਕੇ ਨਰਮ ਬਣਾ ਲੈਂਦੇ ਆ। ਜਿਵੇ ਜੀਅ ਕਰੇ ਮੋੜ ਲਈਏ। ਪਰ ਤੀਵੀ ਦਾ ਮਨ ਕੋਈ ਨਹੀਂ ਢਾਲ ਸਕਦਾ। ਪਤਾ ਨਹੀਂ ਇਹ ਕਿਸ ਵੇਲੇ ਕਿਹੜੇ ਪਾਸੇ ਮੁੜ ਜਾਵੇ - ਖਬਰੇ ਕਿਸ ਲੋਹੇ ਦਾ ਬਣਿਆ ਹੁੰਦੈ ਤੀਵੀ ਦਾ ਮਨ। (ਲੋਹਾ ਕੁੱਟ ਪੰਨਾ: 70)

ਇਸ ਤਰ੍ਹਾਂ ਇਸ ਨਾਟਕ ਦੇ ਸਮਾਜਿਕ ਪੱਖ ਨਾਲ ਇਹ ਗੱਲ ਵੀ ਲੱਗਦੀ ਹੈ ਕਿ ਗਾਰਗੀ ਇਸ ਨਾਟਕ ਵਿਚ ਔਰਤ ਦੇ ਹਠ ਦੀ ਤਸਵੀਰ ਪੇਸ਼ ਕਰ ਰਿਹਾ ਹੈ ਜੋ ਸਾਡੀ ਸਾਂਸਕ੍ਰਿਤੀ ਵਿਚ ਨਿੰਦਣਯੋਗ ਰਿਹਾ ਹੈ, ਜਿਸਨੇ ਵੱਡੇ ਨਿੰਦਣਯੋਗ ਸਾਕਿਆ ਨੂੰ ਜਨਮ ਦਿੱਤਾ। ਇਤਿਹਾਸ ਨੂੰ ਹੋਰ ਤੋਂ ਹੋਰ ਬਣਾ ਦਿੱਤਾ। ਸ਼ਾਇਦ ਨਾਟਕਕਾਰ ਦੇ ਅਚੇਤਨ ਵਿਚ ਕਿਤੇ ਇਹ ਧਾਰਨਾ ਕਾਰਜਸ਼ੀਲ ਸੀ ਜੋ ਅਛੋਪਲੇ ਹੀ ਇਸ ਰਚਨਾ ਦਾ ਭਾਗ ਬਣ ਗਈ। ਇਹ ਨਾਟਕ ਹੋਰ ਵੀ ਵਧੇਰੇ ਮਹੱਤਵਪੂਰਣ ਹੁੰਦਾ ਜੇਕਰ ਗਾਰਗੀ ਇਸ ਨਾਟਕ ਦਾ ਅੰਤ ਬੈਣੋ ਦੇ ਉਧਲ ਜਾਣ ਨਾਲ ਕਰਦਾ ਅਤੇ ਉਸਦਾ ਉਧਲਣਾ ਸਮਾਜਿਕ ਪ੍ਰਸਥਿਤੀਆ ਵੱਸ ਹੁੰਦਾ ਨਾ ਕਿ ਉਸਦੇ ਉਲਾਰ ਕਾਮ-ਵੇਗਾ ਕਾਰਨ ਅਤੇ ਬੈਣੋ ਦੇ ਉਧਲ ਜਾਣ ਦੇ ਪ੍ਰਤੀਕਰਮ ਵਜੋਂ ਪੈਦਾ ਹੁੰਦੇ ਕਲੇਸ਼ਾਂ ਨੂੰ ਚਿੱਤਰ ਸਕਦਾ। ਉਂਞ ਸਮੁੱਚੇ ਤੌਰ 'ਤੇ ਇਹ ਨਾਟਕ ਪੰਜਾਬੀ ਨਾਟਕ

ਅਤੇ ਚਿੰਤਨ ਦੇ ਇਤਿਹਾਸ ਵਿਚ ਨਵੇਂ ਰਸਤੇ ਪੈਦਾ ਕਰਦਾ ਹੈ। ਹਰ ਲੇਖਕ ਦੀ ਅਭਿਅਕਤੀ ਦੀ ਆਪਣੀ ਸੀਮਾ ਹੁੰਦੀ ਹੈ, ਗਾਰਗੀ ਵੀ ਇਸ ਗੱਲ ਤੋਂ ਮੁਕਤ ਨਹੀਂ।